ਪ੧।

ੴ ਵਾਹਿਗੁਰੂ ਜੀ ਕੀ ਫਤਹ ॥
ਰੈਹਤ ਰਹਿਤ ਰਹਿ ਜਾਹਿ ਬਿਕਾਰਾ ॥
ਗੁਰ ਪੂਰੇ ਕੇ ਸਬਦ ਅਪਾਰਾ ॥

# ਕੜਾ ਪ੍ਰਬੋਧ

ਅਰਥਾਤ

ਸਰਬ ਲੋਹ ਦਾ ਕੜਾ ਹਥ ਵਿਚ ਪਾਉਣ (ਜੋ ਖ਼ਾਲਸਾ ਧਰਮ ਦੀ ਰਹਿਤ ਵਿਚੋਂ ਇਕ ਰਹਿਤ ਹੈ ) ਦੇ ਲਾਭ ਜੋ ਮਨੁਖ ਨੂੰ ਹੋ ਸਕਦੇ ਹਨ। ਉਨਾ ਵਿਚੋਂ ਕੁਛ ਥੋੜੇ ਜੇਹੇ ਸਾਇੰਸ ਤੇ ਫਿਲਾਸਫੀ ਦ੍ਵਾਰਾ ਵਰਣਨ ਕੀਤੇ ਹਨ।

ਲੇਖਕ ਤੇ ਪ੍ਰਕਾਸ਼ਕ
ਭਾਈ ਰੰਗਾ ਸਿੰਘ ਗਯਾਨੀ
ਕੋਟ ਮਹਲ ਕੈਥੂ (ਸਿਮਲਾ)।

ਪ੍ਰਿੰਟਰ ਭਾਈ ਰਣਜੋਧ ਸਿੰਘ ਗਯਾਨੀ
ਖਾਲਸਾ ਪ੍ਰਚਾਰਕ ਪ੍ਰੈਸ ਸ੍ਰੀ ਤਰਨ ਤਾਰਨ ਜੀ

੧ੴਸਤਿਗੁਰਪ੍ਰਸਾਦਿ ।

# ਕੜਾ ਪ੍ਰਬੋਧ

ਖਾਲਸਾ ਧਰਮ ਸੰਬੰਧੀ ਜਿਵੇਂ ਲੋਕਾਂ ਵਿਚ ਕਈ ਤਰਾਂ ਦੀ ਗਲਤ ਫਹਿਮੀ ਫੈਲੀ ਹੋਈ ਹੈ, ਇਸੇ ਤਰਾਂ ਇਸ ਧਰਮ ਦੀ ਸੂਰਿਕ ਰਹਿਤ (ਜਿਸਨੂੰ ਲੋਕ ਪੰਜ ਕਕਾਰ ਵੀ ਆਖਦੇ ਹਨ) ਆਮ ਲੋਕਾਂ ਵਿਚ ਅਗਯਾਨ ਕਰਕੇ ਬਹੁਤ ਗਲਤ ਖਿਆਲ ਫੈਲੇ ਹੋਏ ਹਨ। ਆਮ ਸਿਖ ਤਾਂ ਇਕ ਪਾਸੇ ਰਹੇ ਅਸਾਂ ਕਈ ਲੈਕਚਰਾਰਾਂ ਤੇ ਗਯਾਨੀਆਂ ਨੂੰ ਭੀ ਪੰਜ ਰਹਿਤਾਂ ਲਈ ਆਖਦਿਆਂ ਸੁਣਿਆ ਹੈ ਕਿ ਸਤਿਗੁਰਾਂ ਨੇ ਪੰਜ ਕੱਕੇ ਸਿਖਾਂ ਨੂੰ ਕੇਵਲ ਨਿਸ਼ਾਨ ਦਿੱਤੇ ਹੋਏ ਹਨ ਜਿਸਤੋਂ ਸਿਖ ਪਛਾਣੇ ਜਾਣ ਕਿ ਇਹ ਗੁਰੂ ਦੇ ਸਿਖ ਹਨ। ਇਹ ਬੜੀ ਹੀ ਹੈਰਾਨੀ ਦੀ ਗਲ ਹੈ ਕਿ ਗੁਰੂ ਸਾਹਿਬ ਜੀ ਨੇ ਇਕ ਇਕ ਨਿਸ਼ਾਨ ਜੋ ਪੁਰਾਣੇ ਮਜ਼ਹਬਾਂ ਵਿਚ ਮੌਜੂਦ ਸਨ ਅਤੇ ਉਨਾ ਮਜ਼ਹਬਾਂ ਦੇ ਆਚਾਰਯਾਂ ਨੇ ਲਗਾਏ ਹੋਏ ਸਨ ਉਨਾ ਨੂੰ ਸਤਿਗੁਰਾਂ ਨੇ ਹਟਾ ਦਿੱਤਾ ਪਰ ਆਪਣੇ ਮਜ਼ਹਬ ਵਿਚ ਪੰਜ ਨਿਸ਼ਾਨ ਕਾਇਮ ਕਰ ਦਿਤੇ। ਇਹ ਗਲ ਮੰਨਣ ਜੋਗ ਨਹੀਂ ਕਿ ਪੰਜ ਕਕਾਰ ਕੇਵਲ

ਨਿਸ਼ਨ ਹਨ ਕਈ ਗਯਾਨੀ ਕੜੇ ਦੇ ਲਾਭ ਦਸਣ ਸਮੇ ਕਹਿੰਦੇ ਹਨ ਕਿ ਕੜਾ ਗੁਰੂ ਕੇ ਸਿਖਾਂ ਦੇ ਹਥ ਵਿਚ ਹਥਕੜੀ ਹੈ, ਜਿਸ ਦਾ ਭਾਵ ਇਹ ਦਸਿਆ ਜਾਂਦ ਹੈ ਕਿ ਕੜਾ ਹਥ ਵਿਚ ਇਸ ਲਈ ਪਵਾਇਆ ਗਿਆ ਹੈ ਕਿ ਸਿਖ ਜਦ ਕੋਈ ਬੁਰਾ ਕੰਮ (ਪਾਪ) ਕਰਨ ਲਗੇ ਤਾਂ ਉਸਦੀ ਨਿਗਾਹ ਕੜੇ ਉਤੇ ਪੈ ਜਾਵੇ ਤੇ ਉਹ ਕੜਾ ਦੇਖਕੇ ਖਿਆਲ ਕਰੇ ਕਿ ਮੇਰੇ ਹਥ ਵਿਚ ਸਤਿਗੁਰਾਂ ਦਾ ਦਿਤਾ ਹੋਇਆ ਕੜਾ ਪਹਨਿਆ ਹੋਇਆ ਹੈ ਇਸ ਹਥ ਨਾਲ ਮੈ ਬੁਰਾ ਕੰਮ ਨ ਕਰਾਂ, ਕਈ ਆਖਦੇ ਹਨ ਕਿ ਕੜਾ ਗੁਰੂ ਕੀ ਹਥ ਕੜੀ ਹੈ ਬੁਰਾ ਕੰਮ ਕਰਨ ਸਮੇ ਇਹ ਖਿਆਲ ਆ ਜਾਏ ਕਿ ਮੈ ਗੁਰੂ ਕਾ ਕੈਦੀ ਹਾਂ ਆਪਨੀ ਮਰਜੀ ਨਾਲ ਕੰਮ ਨ ਕਰਾਂ, ਕਈ ਆਖਦੇ ਹਨ ਕਿ ਕੜਾ ਦੁਸ਼ਮਨ ਦਾ ਵਾਰ ਰੋਕਣ ਨੂ ਢਾਲ ਦਾ ਕੰਮ ਦਿੰਦਾ ਹੈ ਅਤੇ ਕਈ ਆਖਦੇ ਹਨ ਕਿ ਕੜਾ ਦੁਸ਼ਮਨ ਦੇ ਮਾਰਨ ਲਈ ਹਥਿਆਰ ਦਾ ਕੰਮ ਦਿੰਦਾ ਹੈ। ਇਤਿ ਆਦਿਕ ਕਈ ਦਲੀਲਾਂ ਦਿਤੀਆਂ ਜਾਂਦੀਆਂ ਹਨ। ਮੈ ਜਿਥੋਂ ਤਕ ਸੋਚਿਆ ਹੈ ਇਹ ਸਾਰੀਆਂ ਦਲੀਲਾਂ ਕਚੀਆਂ ਹਨ ਕਿਉਂ ਕਿ ਬੁਰੇ ਪਾਪ ਕਰਮ ਤੋਂ ਰੋਕਣ ਲਈ ਜੇ ਕੜਾ ਹੈ ਤਾਂ ਲੋਹੇ ਦੇ ਕੜੇ ਦੀ ਕੀ ਲੋੜ ਹੈ ? ਪਿਤਲ ਸੋਨੇ ਚਾਂਦੀ ਆਦਿਕ ਦਾ ਵੀ ਹੋ ਸਕਦਾ ਹੈ। ਦੂਸੇ ਜੇ ਕੜਾ ਬੁਰੇ ਕੰਮ ਤੋਂ ਰੋਕਣ ਲਈ ਹੈ ਤਾਂ ਇਕ ਹਥ ਵਿਚ ਕੜਾ ਹੁੰਦਾ ਹੈ ਦੂਜੇ ਹਥ ਨਾਲ ਬੁਰਾ ਕੰਮ ਕਰਨ ਦੀ ਖੁਲ ਹੋਈ ਕਿਉਂ ਕਿ

ਦੂਜੇ ਹਥ ਵਿਚ ਕੜਾ ਨਹੀਂ ਹੈ। ਦੂਸ੍ਰੇ ਕੜੇ ਨਾਲ ਵੈਰੀ ਦੇ ਹਮਲੇ ਦੀ ਰੋਕ ਵੀ ਨਹੀ, ਜਦ ਕੜੇ ਤੇ ਕੋਈ ਸੱਟ ਲਗੇਗੀ ਤਾਂ ਉਸ ਨਾਲ ਬਾਂਹ ਤੇ ਜ਼ਖਮ ਹੋ ਜਾਣਾ ਹੈ। ਤੀਸ੍ਰੇ ਇਹ ਹਥਿਆਰ ਵੀ ਨਹੀਂ ਹੋ ਸਕਦਾ ਕਿਉਂ ਕਿ ਜਦ ਕੜੇ ਵਾਲਾ ਹਥ ਦੂਜੇ ਨੂੰ ਮਾਰਿਆ ਜਾਵੇਗਾ ਤਾਂ ਜਿਤਨੀ ਸਟ ਦੂਜੇ ਨੂੰ ਲਗੇਗੀ ਉਤਨੀ ਹੀ ਆਪਣੇ ਆਪਨੂੰ ਵੀ ਲਗੇਗੀ, ਇਸ ਲਈ ਕੜਾ ਹਥਿਆਰ ਵੀ ਨਹੀਂ ਹੋ ਸਕਦਾ। ਸੋ ਇਹ ਤਿੰਨੇ ਦਲੀਲਾਂ ਬਿਨਾ ਲਾਭ ਸਿਧ ਹੁੰਦੀਆਂ ਹਨ। ਕਈ ਆਦਮੀਆਂ ਨੂ ਇਉਂ ਆਖਦਿਆਂ ਵੀ ਸੁਣਿਆ ਹੈ ਕਿ ਕੜਾ ਇਸ ਲਈ ਪਾਉਣਾ ਹੈ ਕਿ ਸ਼ਿਵ ਜੀ ਵੀ ਪਾਉਂਦੇ ਸਨ ਸੋ ਇਹ ਪਾਉਣਾ ਚਾਹੀਦਾ ਹੈ। ਇਹ ਦਲੀਲ ਵੀ ਕਚੀ ਹੈ ਕਿਉਂ ਕਿ ਜੇ ਸ਼ਿਵਾਂ ਦਾ ਹੀ ਨਕਲ ਕਰਨੀ ਹੋਵੇ ਤਾਂ ਸ਼ਿਵ ਜੀ ਤਾਂ ਕਾਲੇ ਕਾਲੇ ਜ਼ਹਰੀਲੇ ਸਪ ਗਲ ਵਿਚ ਲਟਕਾਈ ਰਖਦੇ ਸਨ, ਕੀ ਸਪ ਵੀ ਹਰ ਇਕ ਸਿਖ ਨੂੰ ਗਲ ਵਿਚ ਪਹਨਣੇ ਚਾਹੀਏ ? ਕਈ ਆਖਦੇ ਹਨ ਕਿ ਕੜਾ ਦੇਵੀ ਦੀ ਚੂੜੀ ਹੈ ਅਰਥਾਤ ਦੇਵੀ ਨੇ ਦਿਤਾ ਸੀ ਇਸ ਲਈ ਪਾਉਣਾ ਚਾਹੀਦਾ ਹੈ, ਜੇ ਇਹ ਗਲ ਮਨੀ ਜਾਵੇ ਤਾਂ ਦੇਵੀ ਤਾਂ ਘਘਰੀ ਅਤੇ ਚੁੰਨੀ ਵੀ ਪਹਨਦੀ ਸੀ ਤਾਂ ਘਘਰੀ ਅਤੇ ਚੁੰਨੀ ਵੀ ਸਿਖਾਂ ਨੂ ਪਾਉਣੀ ਚਾਹੀਦੀ ਹੈ ? ਪਿਛੇ ਕਹੀਆਂ ਕੜੇ ਬਾਬਤ ਸਭ ਦਲੀਲਾਂ ਬਿਨਾ ਲਾਭ ਅਤੇ ਬਿਨਾ ਆਸ੍ਰਾ ਹਨ। ਕੜੇ ਦਾ ਜੋ ਅਸਲੀ ਮਤਲਬ ਹੈ ਉਹ ਇਨ੍ਹਾ ਸਜਣਾ

ਨੂੰ ਪਤਾ ਨਹੀ ਅਤੇ ਉਹ ਇਹ ਕਿ ਜਿਥੋਂ ਤਕ ਅਸਾਂ ਪਤਾ ਕੀਤਾ ਹੈ ਅਗੇ ਲਿਖਣਾ ਸ਼ੁਰੂ ਕਰਦੇ ਹਾਂ। ਸਿਖ ਧਰਮ ਦੇ ਜਿਤਨੇ ਅਸੂਲ ਹਨ, ਓਹ ਆਮ ਤੌਰਤੇ ਜ਼ਿਆਦਾ ਤਰ ਸਾਇੰਸ ਨਾਲ ਤਅਲਕ ਰਖਦੇ ਹਨ। ਕੜਾ ਮਹਾਰਾਜ ਦਸਮ ਪਿਤਾ ਜੀ ਨੇ ਲੋਹੇ ਦਾ ਪਹਨਣਾ ਸਿਖਾਂ ਨੂੰ ਹੁਕਮ ਦਿੱਤਾ ਹੈ। ਪਿਤਲ, ਚਾਂਦੀ ਯਾ ਸੋਨੇ ਦਾ ਪਹਨਣ ਲਈ ਹੁਕਮ ਨਹੀ ਕੀਤਾ। ਕਿਉਂਕਿ ਖਾਲਸਾ ਧਰਮ ਵਿਚ ਦੋ ਗਲਾਂ ਮੁਖ ਰਖੀਆਂ ਗਈਆਂ ਹਨ। ਜਿਸਤਰਾਂ ਕਿ ਕੁਦਰਤ ਨੇ ਆਦਮੀ ਨੂੰ ਪੈਦਾ ਕਰਕੇ ਦੋ ਹਿਸਿਆਂ ਵਿਚ ਵੰਡਿਆ ਹੈ ਅਰਥਾਤ ਜੀਵ ਅਤੇ ਸ੍ਰੀਰ। ਪਰਗਟ ਦੇਖਨ ਵਿਚ ਤਾਂ ਇਹ ਇਕ ਹੀ ਮਨੁਖ ਪਰਤੀਤ ਹੁੰਦਾ ਹੈ, ਪਰ ਅਸਲ ਵਿਚ ਮਨੁਖ ਦੇ ਦੋ ਹਿਸੇ ਹਨ, ਜਿਵੇਂ ਇਹ ਸਰੀਰ ਮੈਂ ਨਹੀ। ਇਹ ਮੇਰਾ ਸਿਰ, ਇਹ ਮੇਰੇ ਹਥ ਇਹ ਮੇਰੇ ਪੈਰ, ਇਹ ਮੇਰੀ ਹਿਕ ਆਦਕ ਬਚਨ ਬੋਲਣ ਵਿਚ ਆਉਂਦੇ ਹਨ। ਇਸਤੋਂ ਪਤਾ ਲੱਗਾ ਕਿ ਮੈ ਅਤੇ ਮੇਰਾ ਸਰੀਰ ਦੋ ਚੀਜਾਂ ਹਨ। ਪ੍ਰਗਟ ਤਾਂ ਇਕ ਹੀ ਦਿਸਦਾ ਹੈ, ਪਰ ਅਸਲ ਵਿਚ ਦੋ ਹਨ। ਇਸੇ ਤਰਾਂ ਦੁਹਾਂ ਦੇ ਅਡੋ ਅਡ ਧਰਮ ਹਨ ਅਰਥਾਤ ਆਤਮਕ ਅਤੇ ਸ੍ਰੀਰਕ। ਸਿਖ ਯਾ ਖਾਲਸਾ ਧਰਮ ਦੇ ਆਤਮਕ ਉਪਦਸ਼ ਇਕ ਵਾਹਿਗੁਰੂ ਨੂੰ ਮੰਨਣਾ ਅਤੇ ਉਸ ਨੂੰ ਸਭ ਵਿਚ ਰਮਿਆ ਜਾਣਕੇ ਸਭ ਦੀ ਸੇਵਾ ਕਰਨੀ, ਦੀਨੀ ਤੇ ਦੁਨਿਆਵੀ ਸਾਰੇ ਕਾਰ ਵਿਹਾਰ ਸਚਿਆਈ

ਨਾਲ ਕਰਨੇ ਅਤੇ ਪਾਪ ਨ ਕਰਨਾ ਆਦਿਕ ਹਨ। ਦੂਜੇ ਜਦ ਰੂਹਾਨੀਅਤ ਤੇ ਧਰਮ ਦਾ ਅਸਰ ਹੋਣਾ ਸ਼ੁਰੂ ਹੁੰਦਾ ਹੈ ਤਾਂ ਨਾਲ ਹੀ ਸ੍ਰੀਰ ਤੇ ਵੀ ਧਰਮ ਦਾ ਅਸਰ ਹੋਵੇਗਾ। ਸ੍ਰੀਰਕ ਧਰਮ ਸਵੇਰ ਵੇਲੇ ਉਠਕੇ ਅਸ਼ਨਾਨ ਆਦਕ ਕਰਨਾ ਅਤੇ ਗੁਰਬਾਣੀ ਦਾ ਪਾਠ ਤੇ ਪ੍ਰਚਾਰ ਅਤੇ ਸਾਬਤ ਸੂਰਤ ਜਟਾ ਜੂਟ ਰਹਿਕੇ ਸ੍ਰੀਰ ਨੂੰ ਬਲਵਾਨ ਬਣਾਉਣਾ, ਜੈਸਾ ਕਿ ਗੁਰੂ ਸਾਹਿਬ ਦਾ ਹੁਕਮ ਹੈ

## ਨਾਨਕ ਸੋ ਪ੍ਰਭ ਸਿਮਰੀਐ ਤਿਸ ਦੇਹੀ ਕਉ ਪਾਲ

ਅਰਥਾਤ ਇਵੇਂ ਹੀ ਸ੍ਰੀਰ ਨੂੰ ਬਲਵਾਨ ਤੇ ਬਹਾਦਰ ਬਣਾਨ ਦੇ ਅਸੂਲ ਕਾਇਮ ਕੀਤੇ ਨਹ। ਕਿਓਂ ਕਿ ਜਦ ਤਕ ਸ੍ਰੀਰ ਬਲਵਾਨ ਅਤੇ ਦਿਲ ਬਹਾਦਰ ਨ ਹੋਵੇ ਤਦ ਤਕ ਨਾ ਤਾਂ ਆਦਮੀ ਧਰਮ ਕਰ ਸਕਦਾ ਹੈ, ਅਤੇ ਨਾ ਹੀ ਪਰਉਪਕਾਰ ਕਰ ਸਕਦਾ ਹੈ। ਕਮਜੋਰ ਮਨੁਖ਼ ਕਿਸੇ ਮਨੁਖ ਲਈ ਵੀ ਲਾਹੇ ਵੰਦਾ ਨਹੀ ਅਤੇ ਨ ਹੀ ਅਜੇਹੇ ਆਦਮੀ ਤੋਂ ਮਿਤ੍ਰਾਂ ਨੂੰ ਉਮੇਦ ਹੋਇਆ ਕਰਦੀ ਹੈ ਨ ਹੀ ਦੁਸ਼ਮਨਾ ਨੂੰ ਕੋਈ ਡਰ ਹੁੰਦਾ ਹੈ। ਪ੍ਰਮਾਤਮਾ ਭਗਤੀ ਅਤੇ ਬੀਰਤਾ ਤੋਂ ਬਿਨਾ ਆਦਮੀ ਦਾ ਜੀਉਣਾ ਸੰਸਾਰ ਵਿਚ ਨਿਸਫਲ ਹੈ ਕਿਸੇ ਨੇ ਠੀਕ ਆਖਿਆ ਹੈ 'ਜਨਨੀ ਜਨੈ ਤਾਂ ਭਗਤ ਜਨ ਕੈ ਦਾਤਾ ਕੈ ਸੂਰ ਨਹੀਂ ਤਾਂ ਜਨਨੀ ਬਾਂਝ ਰਹੁ ਕਾਹੇ ਗਵਾਵਹਿ ਨੂਰ'। ਇਸੇ ਲਈ ਸਿਖਾਂ ਦੇ ਗੁਰੂ ਵਾਲੀਏ

ਦੋ ਜਹਾਨ ਜੀ ਨੇ ਰਾਜ ਰਿਸ਼ੀ ਪੰਥ ਬਨਾਇਆ ਹੈ ਅਤੇ ਇਨ੍ਹਾਂ ਦੋਹਾਂ ਗਲਾਂ ਨੂੰ ਪੂਰਾ ਕਰਨ ਲਈ ਹੀ ਵਖੋ ਵਖ ਅਸੂਲ ਕਾਇਮ ਕੀਤੇ ਗਏ ਹਨ। ਜਿਵੇਂ ਹੋਰ ਅਸੂਲ ਬਹਾਦਰੀ ਦੇ ਕਾਇਮ ਕਰਨ ਲਈ ਨਿਯਤ ਕੀਤੇ ਗਏ ਹਨ, ਉਨ੍ਹਾਂ ਵਿਚੋਂ ਇਕ ਕੜਾ ਵੀ ਹੈ, ਅਤੇ ਇਹ ਕੜਾ ਕੇਵਲ ਲੋਹੇ ਦਾ ਹੀ ਹੁੰਦਾ ਹੈ। ਇਸਦਾ ਲਾਭ ਬਜ਼ਰੀਆ ਸਾਇੰਸ ਤਿਨ ਤਰਾਂ ਨਾਲ ਅਪੜਦਾ ਹੈ। ਇਕ ਤਾਂ ਕੁਦਰਤੀ ਤੌਰ ਤੇ ਆਪਨੀ ਤਾਸੀਰ ਮੁਤਾਬਕ ਖਿਆਲਾਂ ਦੇ ਬੁਰੇ ਅਸਰ ਨੂੰ ਆਪਣੇ ਵਲ ਖਿਚਦਾ ਹੈ। ਦੂਸਰੇ ਇਸ ਉਤੇ ਹਰ ਵੇਲੇ ਨਿਗਾਹ ਪੜ੍ਹਨ ਨਾਲ ਅਖਾਂ ਰਾਹੀਂ ਬਹਾਦਰੀ ਦਾ ਅਸਰ ਦਿਲ ਤੇ ਅਪੜਦਾ ਹੈ। ਤੀਸਰੇ ਹਥ ਤੇ ਹਰ ਵੇਲੇ ਰਗੜ ਖਾਣ ਨਾਲ ਖਲੜੀ ਰਾਹੀਂ ਮਿਅਦੇ ਤੇ ਆਪਣਾ ਅਸਰ ਪੁਚਾਉਂਦਾ ਹੈ ਜਿਸ ਕਰਕੇ ਮਿਅਦਾ ਮਜਬੂਤ ਹੋਕੇ ਸ੍ਰੀਰ ਬਲਵਾਨ ਹੁੰਦਾਂ ਹੈ ਇਸ ਲਈ ਇਨਾ ਤਿਨਾ ਗਲਾਂ ਨੂੰ ਧਿਆਨ ਵਿਚ ਰਖਕੇ ਸਾਡੇ ਲਈ ਕੜਾ ਪਹਨਣਾ ਬੜਾ ਹੀ ਲਾਭ ਦਾਇਕ ਹੈ।

(ਪ੍ਰਸ਼ਨ) ਅਜ ਸਾਨੂ ਕੜੇ ਦੇ ਇਹ ਲਾਭ ਜੋ ਆਪਨੇ ਦਸੇ ਹਨ, ਅਸਾਂ ਕਦੇ ਵੀ ਤੇ ਕਿਸੇ ਦੀ ਵੀ ਜੁਬਾਨ ਤੋਂ ਨਹੀ ਸੁਣੇ। ਇਹ ਸਚ ਮੁਚ ਬਹੁਤ ਠੀਕ ਹੈ ਪਰੰਤੂ, ਕੜੇ ਦੇ ਇਹ ਲਾਭ ਸਾਇੰਸਦਾਨ ਅਰਥਾਤ ਵਿਦਵਾਨ ਪੁਰਸ਼ ਹੀ ਸਮਝ ਸਕਦੇ ਹਨ।

ਪਰੰਤੂ ਆਮ ਲੋਕ ਯਾ ਥੋੜੇ ਪੜੇ ਹੋਏ ਜੋ ਸਾਂਇਸ ਤੋਂ ਵਾਕਫ ਨਹੀ ਯਾ ਜਿਨਾਂ ਉਚੇਰੀ ਸਾਂਇਸ ਪੂਰੀ ਪੂਰੀ ਨਹੀ ਪੜੀ ਉਹ ਇਸ ਨੂ ਨਹੀ ਸਮਝ ਸਕਦੇ ਇਸ ਲਈ ਜਰੂਰਤ ਮਲੂਮ ਹੁੰਦੀ ਹੈ ਕਿ ਕੜੇ ਦੇ ਇਨਾ ਲਾਭਾਂ ਨੂ ਵਿਸਥਾਰ ਪੂਰਬਕ ਵਯਖਯਾ ਕਰਕੇ ਦਸਿਆ ਜਵੇ ਤਾ ਕਿ ਹਰੇਕ ਆਦਮੀ ਭਾਂਵੇ ਪੜਿਆ ਤੇ ਭਾਂਵੇ ਅਨਪੜ ਹੋਵੇ ਚੰਗੀ ਤਰਾਂ ਸਮਝ ਸਕੇ ।

( ਉਤ੍ ) ਬਹੁਤ ਹਛਾ । ਮੈ ਮੋਟੀਆਂ ਮੋਟੀਆਂ ਮਿਸਾਲਾਂ ਦੇ ਕੇ ਕੜੇ ਦੇ ਲਾਭ ਬਤਾ ਦਿੰਦਾ ਹਾਂ ਧਿਆਂਨ ਨਾਲ ਸੁਣੋਃ

## ਹਥ ਵਿਚ ਰਗੜ ਖਾਣ ਨਾਲ ਕੜੇ ਦੇ ਲਾਭ

ਕੜੇ ਦਾ ਹਥ ਵਿਚ ਢਿਲਿਆਂ ਹੋਣਾ ਇਸ ਲਈ ਹੈ ਕਿ ਹਰ ਵੇਲੇ ਹਥ 'ਵਿਚ ਢਿਲਿਆਂ ਹੋਣ ਕਰ ਹਿਲ ਜੁਲ ਕੇ ਰਗੜ ਖਾਂਦਾ ਰਹੇ। ਕਈ ਚੀਜ਼ਾਂ ਐਸੀਆਂ ਹਨ ਕਿ ਜਿਨਾ ਨੂੰ ਕੇਵਲ ਸ੍ਰੀਰ ਤੇ ਲਗਾਣ ਨਾਲ ਅਸਰ ਹੁੰਦਾ ਹੈ ਜਿਵੇਂ ਮਿਰਚ ਦੀ ਰਗੜ ਨਾਲ ਸ੍ਰੀਰ ਤੇ ਅਸਰ ਹੋ ਕੇ ਅਗ ਲਗ ਜਾਂਦੀ ਹੈ ਇਵੇਂ ਹੀ ਕੌਂਚ ਦੇ ਬੀਜ ਪੀਹ ਕੇ ਸ੍ਰੀਰ ਤੇ ਲਗਾਣ ਨਾਲ ਯਾ ਛੁਹਾਣ ਨਲ ਛੌਰਨ ਅਸਰ ਹੋਕੇ ਅੱਗ ਜਹੀ\ ਲਗ ਜਾਂਦੀ ਹੈ। ਇਸੇ ਤਰ੍ਹਾਂ

ਵਡੀ ਹਰੜ (ਜਿਸਨੂ ਮੀਰ ਹਰੜ ਆਖਦੇ ਹਨ) ਨੂੰ ਕੇਵਲ ਹਥ ਵਿਚ ਫੜਨ ਨਾਲ ਹੀ ਜੁਲਾਬ ਲਗ ਜਾਂਦਾ ਹੈ ਅਤੇ ਜਦ ਤੀਕ ਹਥ ਵਿਚ ਫੜੀ ਰਖੀਏ ਜੁਲਾਬ ਲਗਾ ਰੈਂਹਦਾ ਹੈ ਹਥੋਂ ਛਡਦਿਆਂ ਹੀ ਜੁਲਾਬ ਬੰਦ ਹੋ ਜਾਂਦਾ ਹੈ ਇਵੇਂ ਹੀ ਕੜੇ ਦਾ ਅਸਰ ਹਥ ਵਿਚ ਢਿਲਾ ਪੈ ਕੇ ਤੇ ਵੀਣੀ ਵਿਚ ਰਗੜ ਖਾਣ ਨਾਲ ਮਿਹਦੇ ਵਿਚ ਜਾਂਦਾ ਹੈ। ਜੋ ਆਦਮੀ ਇਕ ਕੜਾ ਬਹੁਤ ਵਰਿਹਾਂ ਤਕ ਪਾਈ ਰਖਦੇ ਹਨ, ਆਪ ਨੇ ਦੇਖਿਆ ਹੋਵੇਗਾ ਕਿ ਉਨਾ ਦਾ ਕੜਾ ਘਸਦਿਆਂ ਘਸਦਿਆਂ ਬਹੁਤ ਪਤਲਾ ਪੈ ਜਾਂਦਾ ਹੈ, ਅਰਥਾਤ ਭਾਰ ਤੇ ਸ਼ਕਲ ਵਿਚ ਬਹੁਤ ਹੌਲੇ ਤੇ ਪਤਲੇ ਹੋ ਜਾਂਦੇ ਹਨ। ਜੋ ਕੜਾ ਹੌਲਾ ਤੇ ਪਤਲਾ ਹੋ ਗਿਆ ਉਸਦਾ ਘਸਿਆ ਹੋਇਆ ਹਿਸਾ ਕਿਥੇ ਗਿਆ? ਉਹ ਹੌਲੀ ਹੌਲੀ ਸਾਡੇ ਸ੍ਰੀਰ ਵਿਚ ਸਮਾਕੇ ਤਾਕਤ ਦਿੰਦਾ ਰਹਿਆ। ਪ੍ਰਮਾਤਮਾ ਨੇ ਆਪਣੀ ਕੁਦਰਤ ਨਾਲ ਮਨੁਖ ਸ੍ਰੀਰ ਬਹੁਤ ਅਦਭੁਤ ਬਣਾਇਆ ਹੈ। ਇਸ ਵਿਚ ਹੋਰ ਵੀ ਵਸਤਾਂ ਹਨ ਪ੍ਰੰਤੂ ਅਜ ਤਕ ਸਾਇੰਸ ਦੇ ਤਜਰਬੇ ਨਾਲ ਜੋ ਸਾਬਤ ਹੋਈਆਂ ਹਨ ਉਹ ਪੰਜ ਤੱਤਾਂ ਦੇ ਸਮੂਹ ਤੋਂ ਬਣੀਆਂ ਹੋਈਆਂ ਹਨ। ਗੁਰਵਾਕ ਵੀ ਹੈ :—

**ਪਾਂਚ ਤਤ ਕੋ ਤਨ ਰਚਿਓ**

ਇਸੇ ਪੰਜਾਂ ਤੱਤਾਂ ਦੇ ਬਣੇ ਹੋਏ ਮੈਟਰ ਤੋਂ ਕੁਦਰਤ ਨੇ ਸ਼ਰੀਰ ਵਿਚ ਚੌਦਾਂ ਚੀਜ਼ਾਂ ਮਿਲਾ ਕੇ ਮਨੁੱਖ ਸਰੀਰ ਦਾ ਢਾਂਚਾ ਬਣਾ ਖੜਾ ਕੀਤਾ ਹੈ। ਜਿਨ੍ਹਾਂ ਵਿਚੋਂ ਦ੍ਰਿਸ਼ਟਾਂਤ ਲਈ ਚਾਰ, ਪੰਜ ਆਪ ਨੂੰ ਦਸਦੇ ਹਾਂ। ਜਿਹਾ ਕਿ ਮਿਟੀ, ਚੂਨਾ, ਚਾਂਦੀ, ਸੋਨਾ ਲੋਹਾ, ਫਾਸਫੋਰਸ, ਸ਼ੋਰਾ ਤੇ ਲੂਣ ਆਦਿਕ। ਹੋਰ ਜੁੜਾਂ ਤੋਂ ਵਖ ਅਠ ਧਾਤਾਂ ਵੀ ਸ਼ਾਮਲ ਹਨ, ਜਿਹਾ ਕਿ ਗੁਰ ਵਾਕ ਵੀ ਹੈ

**ਅਸਟਮੀ ਅਸਟ ਧਾਤ ਕੀ ਕਾਇਆ ॥**

ਇਵੇਂ ਹੀ ਰਸ ਵੀ ਇਕਤ੍ਰ ਕੀਤੇ ਗਏ ਹਨ ਜਿਹਾ ਕਿ ਖੱਟਾ, ਮਿਠਾ, ਸਲੂਣਾ ਆਦਕ। ਹਰ ਚੀਜ਼ ਆਪਣੇ ਆਪਕੇ ਸੁਭਾ ਤੇ ਕੰਮ ਮੁਜਬ ਆਪਣੇ ਆਪਣੇ ਅੰਗਾਂ ਤੇ ਪੁਰਜਿਆਂ ਵਿਚ ਤੇ ਕੁਦਰਤ ਦੇ ਨਿਯਮ ਵਿਚ ਕੰਮ ਕਰਦੀ ਹੋਈ ਆਪਣੀ ਆਪਣੀ ਥਾਂ ਤਾਕਤ ਅਪੜਾਉ ਦੀ ਰਹਿੰਦੀ ਏ। ਲੋਹੇ ਦਾ ਵਧੀਕ ਸੰਬੰਧ ਮਿਅਦੇ ਅਤੇ ਦਿਲ ਨਾਲ ਹੈ। ਇਸ ਲਈ ਜਦ ਕਦੇ ਲੋਹੇ ਦੀ ਅੰਸ ਸਰੀਰ ਅੰਦਰ ਘਟ ਹੋ ਜਾਂਦੀ ਹੈ ਤਾਂ ਮਿਅਦੇ ਵਿਚ ਕਮਜ਼ੋਰੀ ਆ ਜਾਂਦੀ ਹੈ। ਉਸ ਵੇਲੇ ਵੈਦ ਲੋਕ ਬੀਮਾਰ ਨੂੰ ਲੋਹੇ ਦਾ ਟੁਕੜਾ ਅਗ ਵਿਚ ਲਾਲ ਕਰਕੇ ਪਾਣੀ ਵਿਚ ਬੁਝਾ ਕੇ ਉਹ ਪਾਣੀ ਬੀਮਾਰ ਨੂੰ

ਪੀਣ ਲਈ ਦਿਦੇ ਹਨ। ਇਵੇਂ ਹੀ ਫੌਲਾਦ ਆਦਕ ਨੂੰ ਮਾਰਕੇ ਸੁਆਹ ਕਰਕੇ ਵੀ ਖਾਣ ਨੂੰ ਦਿੰਦੇ ਹਨ। ਡਾਕਟਰ ਲੋਕ ਟਿੰਕਚਰ ਫੌਲਾਦ ਪੀਣ ਲਈ ਦਿੰਦੇ ਹਨ, ਤਾਂ ਕਿ ਤਾਕਤ ਵਧੇ। ਅਜੇਹਾ ਕਰਨ ਨਾਲ ਮਨੁਖ ਦੀ ਤਾਕਤ ਜੋ ਲੋਹੇ ਦਾ ਅੰਸ ਘਟ ਜਾਣ ਕਰਕੇ ਘਟ ਗਈ ਸੀ ਉਹ ਪੂਰੀ ਹੋ ਜਾਂਦੀ ਹੈ, ਅਤੇ ਇਸ ਬੀਮਾਰੀ ਦਾ ਬੀਮਾਰ ਰਾਜੀ ਹੋ ਜਾਂਦਾ ਹੈ। ਥੋੜੇ ਦਿਨ ਦੀ ਗਲ ਹੈ, ਰਿਆਸਤ ਬਹਾਵਲ ਪੁਰ ਦੇ ਖਾਸ ਵਸਨੀਕਾਂ ਦੀ ਮਿਅਦੇ ਦੀ ਤਾਕਤ ਕਮਜੋਰ ਪੈ ਗਈ ਸੀ। ਲੋਕਾਂ ਦੀਆਂ ਬਹੁਤ ਸਾਰੀਆਂ ਸ਼ਕਾਇਤਾਂ ਸੁਣਕੇ ਰਯਾਸਤ ਵਲੋਂ ਡਾਕਟਰਾਂ ਤੇ ਹਕੀਮਾਂ ਦੀ ਇਕ ਕਮੇਟੀ ਬੈਠੀ ਕਿ ਇਸ ਤਕਲੀਫ ਦੀ ਪੜਤਾਲ ਕੀਤੀ ਜਾਵੇ। ਕਮੇਟੀ ਨੇ ਮਿਟੀ ਤੇ ਪਾਣੀ ਆਦਕ ਦੀ ਪ੍ਰੀਖਯਾ ਕਰਕੇ ਇਹ ਪਤਾ ਕੀਤਾ ਕਿ ਕਈ ਕਾਰਨਾ ਕਰਕੇ ਇਸ ਜਮੀਂ ਦੇ ਕੁਛ ਹਿਸੇ ਵਿਚ ਲੋਹੇ ਦਾ ਅੰਸ ਜੋ ਮਿਟੀ ਵਿਚ ਹੋਇਆ ਕਰਦਾ ਹੈ ਉਹ ਘਟ ਗਿਆ ਹੈ ਇਸ ਲਈ ਇਥੋਂ ਦੇ ਰਹਿਣ ਵਾਲਿਆਂ ਵਿਚ ਖਾਸ ਬੀਮਾਰੀਆ ਹਨ। ਇਸਦਾ ਇਹ ਇਲਾਜ ਹੈ ਕਿ ਹਰ ਘਰ ਵਿਚ ਲੋਹੇ ਦੇ ਭਾਂਡੇ ਪਾਣੀ ਲਈ ਹੋਣੇ ਚਾਹੀਦੇ ਹਨ ਅਤੇ ਦੁਧ ਪਾਣੀ ਆਦਕ ਵੀ

ਲੋਹੇ ਦੇ ਭਾਂਡਿਆਂ ਵਿਚ ਵਰਤਣਾ ਚਾਹੀਦਾ ਹੈ ਤੇ ਖਾਣਾ ਪੀਣਾ ਚਾਹੀਦਾ ਹੈ ਅਤੇ ਖੂਹਾਂ ਵਿਚ ਲੋਹੇ ਦੇ ਗੋਲੇ ਤੇ ਚਕੇ ਸੁਟੇ ਗਏ ਕੁਛ ਸਮਾ ਇਓਂ ਕਰਨ ਨਾਲ ਲੋਕਾਂ ਦੀ ਹਾਲਤ ਠੀਕ ਹੁੰਦੀ ਗਈ ਇਸੇ ਗਲ ਨੂੰ ਨਿਗਾਹ ਵਿਚ ਰਖਦਿਆ ਪੁਰਾਣੇ ਲੋਕਾਂ ਨੇ ਵੀ ਹਰ ਘਰ ਵਿਚ ਰੋਟੀ ਪਕਾਣ ਲਈ ਤਵਾ ਜਰੂਰ ਲੋਹੇ ਦਾ ਹੀ ਰਖਿਆ ਖੀਰ ਤੇ ਕੜਾਹ ਆਦਕ ਖਾਸ ਖਾਣੇ ਰਿਨਣ ਲਈ ਕੜਾਹੀ ਵੀ ਲੋਹੇ ਦੀ ਹੀ ਰਖੀ ਗਈ ਹੈ ਤਾਕਿ ਹਰ ਘਰ ਆਦਮੀਆਂ ਨੂੰ ਲੋਹੇ ਦਾ ਅੰਸ ਨਾਲੋ ਨਾਲ ਮਿਲਦਾ ਰਹੇ ਅਤੇ ਕਈ ਬਿਮਾਰੀਆਂ ਤੋਂ ਜੋ ਮ੍ਰਿਅਦੇ ਕਮਜੋਰੀ ਕਰਕੇ ਪੈਦਾ ਹੋ ਜਾਂਦੀਆਂ ਹਨ ਬਚਾ ਰਹੇ ਇਹ ਸਾਇੰਸ ( ਤਿਬ ਵੈਦਕ ) ਤੋਂ ਸਾਬਤ ਹੈ ਕਿ ਚਾਂਦੀ ਦੇ ਭਾਂਡੇ ਗਲਾਸ ਆਦਕ ਵਿਚ ਦੁਧ ਪੀਓ ਤਾਂ ਦਮਾਗ ਨੂੰ ਤਾਕਤ ਅਪੜੇਗੀ ਜੇ ਸੋਨੇ ਦੇ ਭਾਂਡੇ ਵਿਚ ਪੀਓਗੇ ਤਾਂ ਦਿਲ ਨੂੰ ਤਾਕਤ ਪੁਜੇਗੀ ਅਤੇ ਮਿਟੀ ਦੇ ਭਾਂਡੇ ਵਿਚ ਖਾਣ ਨਾਲ ਫੇਫੜਿਆਂ ਨੂ ਬਹੁਤ ਤਾਕਤ ਅਪੜੇਗੀ । ਅਤੇ ਲੋਹੇ ਦੇ ਭਾਂਡੇ ਵਿਚ ਖਾਓਗੇ ਤਾਂ ਮਿਅਦੇ ਨੂੰ ਤਾਕਤ ਪੁਜੇਗੀ । ਇਸ ਅਸੂਲ ਤੇ ਲੋਹੇ ਦਾ ਕੜਾ ਹਥ ਵਿਚ ਰਖਿਆ ਗਿਆ ਹੈ ਅਤੇ ਉਹ ਢਿਲਾ ਹੋਣ ਕਰਕੇ ਵੀਣੀ ਨਾਲ ਰਗੜ ਖਾਂਦਾ ਰਹਿੰਦਾ

ਜਿਸਦਾ ਅਸਰ ਸਰੀਰ ਵਿਚ ਅਪੜ ਕੇ ਮਿਅਦੇ ਨੂੰ ਤਾਕਤ ਪੁਚਾਂਦਾ ਹੈ । ਇਸੇ ਲਈ ਸਿਖ ਧਰਮ ਵਿਚ ਕੜਾ ਹਥ ਵਿਚ ਪਾਯਾ ਗਿਆ ਹੈ ਅਤੇ ਉਹ ਵੀਣੀ ਵਿਚ ਢਿਲਾ ਹੁੰਦਾ ਹੈ ਤਾਂ ਕਿ ਹਰ ਵੇਲੇ ਰਗੜ ਖਾਂਦਾ ਰਹੇ ।

## ਕੜਾ ਹਰ ਵੇਲੇ ਦਿਸਣ ਦੇ ਲਾਭ

ਦੂਜਾ ਲਾਭ ਇਹ ਹੈ ਕਿ ਨਿਗਾਹ ਦੇ ਰਾਹੀਂ ਇਸ ਦਾ ਅਸਰ ਸਾਡੇ ਸਰੀਰ ਵਿਚ ਪੁਜਦਾ ਰਹਿੰਦਾ ਹੈ । ਵਾਹਿਗੁਰੂ ਨੇ ਅਖ ਇਕ ਐਸੀ ਅਦਭੁਤ ਸੀ ਚੀਜ ਬਣਾਈ ਹੈ ਕਿ ਇਸ ਰਾਹੀਂ ਜੋ ਚੀਜ ਵੀ ਦਿਸਣ ਵਿਚ ਆਉਂਦੀ ਹੈ ਉਸ ਦਾ ਅਸਰ ਸਾਡੇ ਸਰੀਰ ਵਿਚ ਅਪੜਦਾ ਹੈ । ਅਖ ਰਾਹੀਂ ਹੀ ਦੂਜੀਆਂ ਚੀਜਾਂ ਦਾ ਅਸਰ ਆਪਣੇ ਅੰਦਰ ਅਪੜਦਾ ਹੈ । ਬਾਹਰ ਦਾ ਅਸਰ ਆਪਣੇ ਅੰਦਰ ਦਾਖਲ ਹੋਣ ਲਈ ਇਉਂ ਸਮਝੋ ਕਿ ਇਕ ਆਦਮੀ ਰਾਤ ਨੂੰ ਅੰਨੇਰੇ ਕਿਤੇ ਜਾਂਦਾ ਹੋਇਆ ਰਾਹ ਵਿਚ ਰਸੀ ਪਈ ਵੇਖਕੇ ਸੱਪ ਦਾ ਸ਼ਕ ਕਰਦਾ ਹੈ । ਅੱਖਾਂ ਨੇ ਵੇਖ ਕੇ ਉਸ ਦੀ ਅੰਦਰ ਦਿਮਾਗ ਨੂੰ ਖਬਰ ਕਰ ਦਿਤੀ ਦਿਮਾਗ ਨੇ ਦਿਲ ਨੂੰ ਖਬਰ ਪੁਚਾਈ । ਦਿਲ ਨੇ ਘਬਰਾਕੇ ਸਾਰੀ ਮਸ਼ੀਨਰੀ (ਸਰੀਰ) ਨੂੰ ਇਉਂ ਕਹਿ

ਕਿ ਆਪਨੀ ਫੌਜ ਇੰਦ੍ਰੀਆ ਆਦਕ ਨੂੰ ਘਬਰਾ ਵਿਚ ਪਾ ਦਿਤਾ ਤੇ ਆਖਣਾ ਪਿਆ ਕਿ ਮੈ ਡਰਦਾ ਮਾਰਿਆ ਮੁੜਕੇ ਵਿਚ ਡੁਬ ਗਿਆ ਤੇ ਮੂਹੋਂ ਗਲ਼ ਨ ਨਿਕਲੀ, ਪੈਰ ਕੰਬ ਗਏ ਆਦ੍ਕ। ਇਵੇਂ ਹੀ ਇਕ ਆਦਮੀ ਬੈਠਾ ਪੇਸ਼ਾਬ ਕਰ ਰਹਿਆ ਸੀ. ਬਾਬਰ ਨੂੰ ਜੋ ਮੂੰਹ ਫੇਰ ਕੇ ਵੇਖਿਆ ਤਾਂ ਪੈਰਾਂ ਪਾਸ ਕੋਈ ਜਹਿਰੀਲਾ ਜਾਨਵਰ ਬਿਛੂ ਅਦ੍ਕ ਨਿਗਾਹ ਪਿਆ। ਫਿਰ ਵੇਖਦਿਆਂ ਹੀ ਪੇਸ਼ਾਬ ਚਲ਼ਣੋ ਰੁਕ ਗਿਆ ਤੇ ਘਬਰਾ ਵਿਚ ਉਠਣਾ ਵੀ ਔਖਾ ਹੋ ਗਿਅ। ਇਨਾ ਦੋ ਮਿਸਾਲਾਂ ਤੋਂ ਜਾਣਿਆ ਜਾਂਦਾ ਏ, ਕਿ ਅਖ ਨਾਲ ਜਿਹਾ ਵੇਖਦਾ ਹੈ ਉਸ ਦੇ ਰਾਂਹੀ ਦਿਲ ਤੇ ਦਮਾਗ ਕੀ ਸਾਰੇ ਸ੍ਰੀਰ ਤੇ ਉਸਦਾ ਅਸਰ ਪਹੁੰਚਦਾ ਹੈ। ਇਵੇਂ ਹੀ ਇਕ ਪਾਸੇ ਕਾਲੀ ਬਿਲੀ ਤੇ ਦੂਜੇ ਪਾਸੇ ਕਾਲਾ ਸਪ ਬੈਠਾ ਹੋਵੇ, ਦਸ ਵੀਹ ਕਦਮ ਦੀ ਵਿਥ ਹੋਵੇ ਜੇ ਉਨਾ ਦੁਹਾਂ ਦੀ ਆਪਸ ਵਿਚ ਅਖ ਮਿਲ ਜਾਵੇ ਤਾਂ ਸਪ ਦੇ ਨਾਲ ਬਿਲੀ ਦੀ ਅਖ ਮਿਲਦਿਆਂ ਹੀ ਬਿਲੀ ਸਪ ਵਲ ਖਿਚੀ ਚਲੀ ਜਾਵੇਗੀ ਅਰਥਾਤ ਖਿੱਚ ਕੇ ਅਪੜ ਜਾਏਗੀ ਤੇ ਸਪ ਤੋਂ ਮਾਰੀ ਜਾਏਗੀ।

ਚੌਥੇ ਗਰਭ ਵਤੀ ਤੀਵੀਂ ਜਿਸਨੂ ਬਚਾ ਪੈਦਾ ਹੋਣਾ ਹੋਵੇ ਉਸ ਤੀਵੀਂ ਦੀ ਸਪ ਨਾਲ ਨਿਗਾਹ

ਮਿਲ ਜਾਵੇ ਤਾਂ ਸਪ ਫੌਰਨ ਅੰਨ੍ਹਾ ਹੋ ਜਾਵੇਗਾ। ਤੇ ਗਰਭ ਹੁੰਦਿਆਂ ਤੀਵੀਂ ਸੀਸੇ ਵਿਚ ਮੂੰਹ ਦੇਖੇਗੀ ਤਾਂ ਸੀਸੇ ਵਿਚ ਦਾਗ ਪੈ ਜਾਣਗੇ।

ਪੰਜਵੇਂ ਹੋਰ ਸੁਣੋ ਮੈਸ ਮੈਰਿਜ਼ਮ ਵਾਲੇ ਛੋਟੇ ਬਚੇ ਨੂੰ ਅਖਾਂ ਨਾਲ ਵੇਖਕੇ ਹੀ ਬੇਹੋਸ਼ ਕਰ ਦੇਂਦ ਹਨ। ਆਪਨੇ ਵੇਖਿਆ ਹੀ ਹੋਵੇਗਾ ਕਿ ਅਖਾਂ ਨਾਲ ਵੇਖਣ ਮਾਤ੍ਰ ਨਾਲ ਦੂਜੇ ਤੇ ਕਿਤਨੀ ਜਲਦੀ ਅਸਰ ਹੋ ਜਾਂਦਾ ਏ। ਇਵੇਂ ਹੀ ਸਾਡੀ ਨਿਗਾਹ ਸਦਾ ਕੜੇ ਤੇ ਪੈਂਦੀ ਰੈਂਹਦੀ ਏ, ਇਸ ਨਾਲ ਇਸ ਕੜੇ ਦੀ ਤਾਕਤ ਜੋ ਦਿਲ ਅਰ ਮਿਅਦੇ ਨੂੰ ਬਹਾਦਰ ਤੇ ਤਾਕਤਵਰ ਬਨਾਣ ਵਾਲੀ ਅਖਾਂ ਰਾਹੀਂ ਵੀ ਸਾਡੇ ਅੰਦਰ ਜਾਂਦੀ ਏ।

ਥੋੜੇ ਦਿਨਾਂ ਦੀ ਗਲ ਹੈ, ਲੰਡਨ ਵਿਚ ਇਕ ਮੇਮ ਨੂ ਬਚਾ ਪੈਦਾ ਹੋਇਆ। ਉਹ ਲੜਕਾ ਬਿਲਕੁਲ ਹਬਸ਼ੀ ਦੀ ਸ਼ਕਲ ਦਾ ਸੀ। ਇਸ ਗਲ ਤੇ ਬੜੀ ਵਿਚਾਰ ਹੋਈ ਕਿ ਲੜਕੇ ਦੇ ਮਾਤਾ ਪਿਤਾ ਬੜੇ ਸੁੰਦਰ ਹਨ, ਲੜਕਾ ਕਿਉਂ ਬਦਸੂਰਤ ਪੈਦਾ ਹੋਇਆ ਹੈ। ਸਾਇੰਸਦਾਨਾਂ ਦੀ ਕਮੇਟੀ ਵਿਚ ਜਦ ਇਹ ਗਲ ਵਿਚਾਰੀ ਗਈ ਤਾਂ ਸਾਬਤ ਹੋਇਆ ਕਿ ਇਕ ਹਬਸ਼ੀ ਦੀ ਤਸ੍ਵੀਰ ਉਸ ਮੇਮ ਦੇ ਕਮਰੇ ਵਿਚ ਲੱਗੀ ਹੋਈ ਸੀ। ਖ਼ਾਸ ਖ਼ਾਸ ਸਮਿਆਂ ਤੇ ਉਸ ਤਸ੍ਵੀਰ ਤੇ

ਨਿਗਾਹ ਪੈਣ ਕਰਕੇ ਬਚਾ ਹਬਸ਼ੀ ਦੀ ਸ਼ਕਲ ਦਾ ਪੈਦਾ ਹੋਇਆ । ਵੇਖਣ ਨਾਲ ਸਰੀਰ ਤੇ ਕਿਤਨਾਂ ਅਸਰ ਪੈਂਦਾ ਹੈ । ਇਸੇ ਲਈ ਸ੍ਰੀ ਕਲਗੀਧਰ ਪਿਤਾ ਜੀ ਨੇ ਆਪਣੇ ਸਿਖਾਂ ਨੂੰ ਲੋਹੇ ਦਾ ਕੜਾ ਹਥ ਵਿਚ ਪਹਨਣਾ ਦਸਿਆ ਹੈ ਤਾ ਕਿ ਨਿਗਾਹ ਰਾਹੀਂ ਬਹਾਦਰੀ ਦਾ ਮਾਦਾ ਦਿਲ ਵਿਚ ਵਧੇ ।

ਪੰਜਵਾਂ ਲਾਭ ਕੜੇ ਦਾ ਇਹ ਹੈ ਕਿ ਬੁਰੇ ਖ਼ਿਆਲਾਂ ਦੇ ਅਸਰ ਨੂੰ ਆਪਣੀ ਵਲ ਖਿਚਕੇ ਨਾਸ ਕਰ ਦਿੰਦਾ ਹੈ । ਅਰਥਾਤ ਆਪਣੇ ਵਿਚ ਜਜ਼ਬ ਕਰ ਲੈਂਦਾ ਹੈ । ਕੜੇ ਦੀ ਬਨਾਵਟ ਜੋ ਪ੍ਰਾਚੀਨ ਹੈ, ਉਹ ਤਿੰਨ ਧਾਰੀਆਂ ਵਾਲੀ ਹੁੰਦੀ ਹੈ ਅਰਥਾਤ ਕੜੇ ਦੀਆਂ ਤਿੰਨ ਧਾਰੀਆਂ ਦੀਆਂ ਨੋਕਾਂ ਉਤਾਂਹ ਨੂੰ ਉਭਰੀਆਂ ਹੋਈਆਂ ਹੁੰਦੀਆਂ ਹਨ । ਇਨ੍ਹਾ ਪਤਲੀਆਂ ਨੋਕਾਂ ਨਾਲ ਕੜਾ ਬੁਰੇ ਖਿਆਲਾਂ ਨੂੰ ਆਪਣੇ ਵਲ ਖਿਚ ਲੈਂਦਾ ਹੈ, ਕੜੇ ਤਿੰਨ ਨੋਕੀਆਂ ਧਾਰੀਆਂ ਵਾਲੇ ਹੀ ਆਮ ਤੌਰ ਤੇ ਬਣਾਏ ਜਾਂਦੇ ਹਨ । ਜੇ ਕੋਈ ਅਨਜਾਣ ਆਦਮੀ ਤਿੰਨ ਧਾਰੀਆਂ ਨਾ ਵੀ ਬਣਾਏ ਤਾਂ ਇਕ ਧਾਰੀ ਉਭਰੀ ਹੋਈ ਤਾਂ ਜਰੂਰ ਹੁੰਦੀ ਹੈ । ਪਤਲੀ ਧਾਰੀ ਸਿਖਾਂ ਦੇ ਕੜਿਆਂ ਤੇ ਜਰੂਰ ਹੁੰਦੀ ਹੈ । ਜਿਸ ਪਰ ਧਾਰੀ ਨਾਂ ਹੋਵੇ ਉਸਨੂੰ ਕੰਙਣੀ

ਸਦੀਦਾ ਹੈ । ਇਸ ਬਨਾਵਟ ਦ ਕੋਈ ਸਬੱਬ ਹੋਣਾਂ ਚਾਹੀਦਾ ਹੈ । ਆਪ ਨੇ ਕਦੇ ਇਸ ਪਾਸੇ ਧਿਆਂਨ ਨਹੀ ਦਿਤਾ ਹੋਣਾ, ਅਜੇਹੀ ਬਣਾਵਟ ਦਾ ਕਾਰਨ ਏਹੀ ਹੈ ਜੋ ਉਤੇ ਦਸਿਆ ਗਿਆ ਹੈ. ।

(ਪਸ਼ਨ) ਇਹ ਗਲ ਚੰਗੀ ਤਰਾਂ ਸਮਝ ਵਿਚ ਨਹੀ ਆਈ, ਇਸ ਨੂੰ ਚੰਗੀ ਤਰਾਂ ਖੋਲ੍ਹ ਕੇ ਸਮਝਾਂਣ ਦੀ ਕਿਰਪਾ ਹੋਵੇ ।

(ਉਤਰ) ਬਹੁਤ ਹਛਾ ! ਜੇ ਇਹ ਗਲ ਆਪਦੀ ਸਮਝ ਵਿਚ ਚੰਗੀ ਤਰਾਂ ਨਹੀ ਬੈਠੀ ਤਾਂ ਧਿਆਨ ਦੇਕੇ ਸੁਣੋ । ਅਪਨੇ ਵੇਖਿਆ ਹੋਵੇਗਾ ਕਿ ਉਚੇ ਉਚੇ ਮਕਾਨਾਂ ਨ ਬਿਜਲੀ ਪੈਣ ਦੇ ਖਤਰੇ ਤੋਂ ਬਚਾਣ ਲਈ ਲੋਹੇ ਦੀ ਤਾਰ ਜਿਮੀਨ ਤੋਂ ਲੈਕੇ ਉਪਰ ਤਕ ਲਗਾਕੇ ਸਿਰੇ ਨੂ ਪਤਲਾ ਤਿਖਾ ਤੇ ਨੋਕਦਾਰ ਕਰ ਦਿਦੇ ਹਨ, ਤਾ ਕਿ ਜਦੋਂ ਬਿਜਲੀ ਮਕਾਨ ਤੇ ਪਵੇ ਓਦੋਂ ਹੀ ਪਤਲੀ ਨੋਕਦਾਰ ਸੀਖ ਬਿਜਲੀ ਨੂ ਅਪਨੇ ਵਿਚ ਖਿਚ ਕੇ ਜ਼ਮੀਨ ਵਿਚ ਉਤਾਰ ਦੇਵੇ । ਅਤੇ ਬਿਜਲੀ ਦਾ ਜ਼ੋਰ ਮਕਾਨ ਤੇ ਨ ਪੈ ਸਕੇ । ਜਿਸਦਾ ਅਸਰ ਇਹ ਹੁੰਦਾ ਹੈ ਕਿ ਉਹ ਮਕਾਨ ਬਿਜਲੀ ਨਾਲ ਤਬਾਹ ਹੋਣ ਤੋਂ ਬਚ ਜਾਂਦਾ ਹੈ । ਨੋਕਦਾਰ ਲੋਹੇ ਦੀ ਸੀਖ ਜ਼ਬਰਦਸਤ ਕੁਦਰਤੀ ਬਿਜਲੀ ਦੀ

ਰੋ ਨੂ ਅਪਣੇ ਵਲੇ ਖਿਚਕੇ ਨਿਰਬਲ ਜਹੀ ਬਣਾਕੇ
ਜ਼ਮੀਨ ਵਿਚ ਪੁਚਾ ਦਿੰਦੀ ਹੈ । ਇਸੇ ਤਰਾਂ ਹੀ
ਕੜੇ ਦਾ ਲਾਭ ਸਮਝ ਲਵੋ ਕਿ ਇਹ ਆਪਣੀਆਂ
ਇਕ, ਦੋ ਯਾ ਤਿੰਨ ਬਾਰੀਕ ਧਾਰੀਆਂ (ਜੋ ਇਸਦੀ
ਬਨਾਵਟ ਵਿਚ ਹੁੰਦੀਆਂ ਹਨ) ਰਾਹੀਂ ਬੁਰੇ ਖਿਆਲਾਂ
ਦੇ ਅਸਰ ਨੂ ਆਪਣੇ ਵਲ ਖਿੱਚ ਲੈਂਦਾ ਹੈ ।
ਲੋਹੇ ਵਿਚ ਇਹ ਕੁਦਰਤੀ ਖਾਸਾ ਹੈ ।

ਜੇ ਅਜੇ ਵੀ ਇਹ ਗਲ ਆਪਦੀ ਸਮਝ ਵਿਚ
ਪੂਰੀ ਤਰਾਂ ਨਹੀਂ ਜਚੀ ਤਾਂ ਹੋਰ ਉਦਾਹਰਣ ਦੇਕੇ
ਦਸਦੇ ਹਾਂ, ਜਿਸਤੋਂ ਆਪ ਚੰਗੀ ਤਰਾਂ ਜਾਣ ਸਕੋ ।

(੧) ਆਪਨੇ ਵੇਖਿਆ ਹੋਵੇਗਾ ਕਿ ਜਦ
ਜ਼ਿਮੀਦਾਰ ਲੋਕ ਫਸਲ ਨੂੰ ਵਢ ਤੇ ਗਾਹ ਕੇ
ਦਾਣਿਆਂ ਦਾ ਬੋਹਲ ਬਣਾ ਦਿੰਦੇ ਹਨ ਤਾਂ ਉਸ
ਢੇਰ ਦੇ ਉਤੇ ਲੋਹੇ ਦੀ ਕੋਈ ਚੀਜ਼ ਚਾਕੂ, ਦਾਤੀ
ਯਾ ਕੜਛੀ ਆਦਕ ਰਖ ਦਿੰਦੇ ਹਨ ਤਾਕਿ ਕਿਸੇ
ਦੀ ਬੁਰੀ ਨਿਗਾਹ ਦਾ ਅਸਰ ਨ ਹੋਵੇ । (੨)
ਇਸੇ ਤਰਾਂ ਜਦ ਕਿਸੇ ਦੇ ਘਰ ਵਿਆਹ ਹੋਵੇ
ਤਾਂ ਦਰਵਾਜ਼ੇ ਤੇ ਹਰੇ ਪਤਿਆਂ ਦਾ ਸਿਹਰਾ ਬੰਨ੍ਹ
ਕੇ ਲਟਕਾਇਆ ਜਾਂਦਾ ਹੈ ਜਿਸਨੂ ਬੰਦਵਾਲ
ਆਖਦੇ ਹਨ, ਇਸਦੇ ਵਿਚ ਅੰਬ ਦੇ ਪੱਤੇ,
ਹਲਦੀ ਦੀਆਂ ਗੰਢੀਆਂ ਅਤੇ ਤਿੰਨ ਚਾਰ ਲੋਹੇ
ਦੇ ਛੋਟੇ ਕੜੇ ਅਥਵਾ ਛਲੇ ਹੁੰਦੇ ਹਨ । ਆਪਨੇ

ਕਦੇ ਸੋਚਿਆ ਹੈ ਕਿ ਇਹ ਗਲ ਕੀ ਹੈ, ਲੋਹੇ ਦੇ ਕੜੇ ਯਾ ਛਲੇ ਕਿਉਂ ਬੰਨ੍ਹੇ ਜਾਂਦੇ ਹਨ ?

ਇਸਦਾ ਵੀ ਏਹੀ ਮਤਲਬ ਹੈ ਕਿ ਮਕਾਨ ਲਿੰਬ ਪੋਚ ਕੇ ਸਜਾਏ ਹੋਏ ਨੂੰ ਨਜ਼ਰ ਨਾ ਲਗ ਜਾਵੇ।

ਜਦ ਕੋਈ ਨਵਾਂ ਮਕਾਨ ਪੈਂਦਾ ਹੈ ਤਾਂ ਛਤ ਲਈ ਅਜ ਕਲ ਤਾਂ ਲੋਹੇ ਦ ਗਾਡਰ ਪਾਉਂਦੇ ਹਨ ਪਰ ਪਿਛੇ ਲੁਟੈਣਾਂ ਲਕੜ ਦੀਆਂ ਪਾਈਆਂ ਜਾਂਦੀਆਂ ਸਨ ਜੋ ਅਜ ਕਲ ਵੀ ਬਹੁਤ ਮਕਾਨਾ ਪੈਂਦੀਆਂ ਹਨ। ਲੁਟੇਣ ਉਤੇ ਕੜੀਆਂ ਦ ਛਿਤ ਪਾਈ ਜਾਂਦੀ ਹੈ। ਉਸ ਲੁਟੈਣ ਨੂ ਇਕ ਧਾਗਾ ਲੋਹੇ ਦੇ ਛਲਿਆਂ ਵਲਾ ਬੰਨਦੇ ਨੇ ਉਸਦਾ ਵੀ ਇਹੀ ਮਤਲਬ ਹੈ ਕਿ ਲਟੈਣ ਨੰ ਕਿਸੇ ਦੀ ਬੁਰੀ ਨਜ਼ਰ ਦਾ ਅਸਰ ਨ ਹੋਵੇ। ਲੋਹੇ ਦੇ ਛਲੇ ਜੋ ਧਾਗੇ ਦਵਾਰਾ ਲੁਟੈਣ ਨੂੰ ਬਧੇ ਹਨ ਉਹ ਨਜ਼ਰ ਦੇ ਬੁਰੇ ਅਸਰ ਨੂੰ ਆਪਨੇ ਵਲ ਖਿਚ ਲੈਣ ਤੇ ਲੁਟੈਣ ਟੁਟਣੋਂ ਬਚ ਜਵੇ।

(੫) ਹੋਰ ਸੁਣੋ! ਜਦ ਕਿਸੇ ਦੇ ਘਰ ਵਿਚ ਬਚਾ ਪੈਦਾ ਹੁੰਦਾ ਹੈ ਤਾਂ ਬਚੇ ਦੀ ਰਖ ਲਈ ਜਨਮ ਤੋਂ ਲੈਕੇ ਦੋ ਢਾਈ ਸਾਲ ਤਕ ਬਚੇ ਦੀ ਇਹ ਹਾਲਤ ਰਹਿੰਦੀ ਹੈ ਕਿ ਬਤਾ ਸੁਤਾ ਪਿਆ ਕਦੇ ਰੋਣ ਲਗ ਜਦਾ ਹੈ ਤੇ ਕਦੇ ਹਸਣ। ਅਸਲ ਵਿਚ ਬੱਚਾ ਸੁਤਾ ਹੁੰਦਾ ਹੈ, ਉਸਨੂ ਕੋਈ

ਖਬਰ ਨਹੀਂ ਹੁੰਦੀ, ਕਈ ਚੰਗੇ ਬੁਰੇ ਹਾਲਾਂ ਵਿਚ ਦੀ ਲੰਘਦਾ ਰਹਿੰਦਾ ਹੈ ਐਸੀ ਹਾਲਤ ਨੂੰ ਦੇਖਕੇ ਜਨਾਨੀਆਂ ਆਖਿਆ ਕਰਦੀਆਂ ਹਨ ਕਿ ਬੱਚੇ ਨੂੰ ਪਰੀਆਂ ਖਿਡਾਂਉਂਦੀਆਂ ਹਨ ਤੇ ਆਖਦੀਆਂ ਹਨ ਕਿ ਤੇਰੀ ਮਾਂ ਮਰ ਗਈ ਤਾਂ ਬਚਾ ਰੋਣ ਲਗ ਪੈਂਦਾ ਹੈ। ਜਦ ਆਖਦੀਆਂ ਹਨ ਕਿ ਤੇਰੀ ਮਾਂ ਔਹ ਆਈ ਤਾਂ ਬਚਾ ਹਸਣ ਲਗ ਪੈਂਦਾਂ ਹੈ। ਕਈ ਜ਼ਨਾਨੀਆਂ ਤੇ ਆਦਮੀ ਇਹ ਆਖਦੇ ਹਨ ਕਿ ਬੱਚੇ ਨੂੰ ਪਿਛਲੇ ਜਨਮ ਦਾ ਚੇਤਾ ਹੰਦਾ ਹੈ, ਚੰਗੇ ਜਨਮਾਂ ਦਾ ਚੇਤਾ ਆ ਜਾਂਣ ਤੇ ਹਸਦਾ, ਅਤੇ ਬੁਰੇ ਜਨਮਾਂ ਦਾ ਚੇਤਾ ਆ ਜਾਂਣ ਤੇ ਰੋਂਦਾ ਹੈ।

ਕਈ ਆਖਦੇ ਰਨ ਬੱਚੇ ਨੂੰ ਮਨੁਖ ਜਨਮ ਮਿਲ ਗਿਆ ਹੈ, ਅਗੋਂ ਆਉਣ ਵਾਲੇ ਜਨਮ ਦੇ ਸੁਖਾਂ ਨੂ ਅਨਭਵ ਕਰਕੇ ਹਸਦਾ ਹੈ ਅਤੇ ਮੌਤ ਯਾਦ ਆਉਣ ਤੇ ਰੋਣ ਲਗ ਜਾਂਦਾਂ ਹੈ।

ਇਤ ਆਦਕ ਗਲਾਂ ਹਰ ਕੋਈ ਸੁਣੀਆਂ ਸੁਣਾਂਈਆਂ ਯ ਆਪੋ ਆਪਣੀ ਸਮਝ ਮੂਜਬ ਆਖਿਆ ਕਰਦੇ ਹਨ। ਅਸਲ ਵਿਚ ਇਹ ਸਭ ਗਲਤ ਹੈ ਅਨਦੇਖੇ ਖਿਅਲੀ ਪੁਲਾ ਹਨ। ਅਸਲ ਗਲ ਹੋਰ ਹੀ ਹੈ ਕਿਉਂ ਕਿ ਬੱਚੇ ਨੂ ਪਿਛਲੇ ਜਨਮਾਂ ਦੀ ਖਬਰ ਹੋਣੀ ਯਾ

ਆਉਣ ਵਾਲੇ ਜਮਾਂਨੇ ਦੀ ਸੂਝ ਹੋਣੀ ਮਨੁਖ ਯੋਗ ਨਹੀ ਤੇ ਨਾ ਹੀ ਕੋਈ ਪਰੀਆਂ ਤੇ ਦੇਉਤੇ ਖਿਡਾਂਨ ਲਈ ਆਉਂਦੇ ਹਨ, ਇਹ ਸਭ ਵਾਧੂ ਗਲਾਂ ਹਨ। ਅਸਲ ਗਲ ਇਹ ਹੈ ਕਿ ਬੱਚੇ ਕਾ ਦਿਲ ਅਤੇ ਦਿਮਾਗ (ਬਹੁਤ ਹੀ ਨਰਮ ਤੇ ਨਾਜਕ) ਉਸ ਉਤੇ ਹੋਰ ਲੋਕਾਂ ਦੇ ਖਿਆਲਾਂ ਦਾ ਅਸਰ ਪੈ ਰਹਿਆ ਹੁੰਦਾ ਹੈ। ਮਨੁਖਾਂ ਦੇ ਖ਼ਿਆਲ ਜੋ ਹਰ ਥਾਂ ਮੌਜੂਦ ਹੁੰਦੇ ਹਨ ਅਤੇ **eastern light** ਵਿਚ ਸਮਾਏ ਰਹਿੰਦੇ ਹਨ। ਇਨ੍ਹਾ ਖਿਆਲਾਂ ਦੀ ਤਾਕਤ ਹਰ ਜੜ੍ਹ ਤੇ ਚੇਤਨ ਉਤੇ ਆਪਣਾ ਅਸਰ ਪਾਂਉਦੀ ਹੈ। ਅਸਾਂ ਇਕ ਲੰਡਨ ਦੀ ਥਿਆਸਾਫ਼ੀਕਲ ਸੁਸੈਟੀ ਦੀ ਕਤਾਬ ਵਿਚ ਲਿਖਿਆ ਹੋਇਆ ਪੜ੍ਹਿਆ ਹੈ ਕਿ ਇਟਲੀ ਦੇ ਇਕ ਹੋਟਲ ਦੀ ਇਕ ਇਟ ਨੂ ਇਕ ਮੈਸਮਰਾਈਜ਼ਰ ਨੇ ਹਥ ਵਿਚ ਫੜਕੇ ਉਨ੍ਹਾ ਸਭ ਮੁਸਾਫਰਾਂ ਦੇ ਨਾਮ ਤੇ ਹੁਲੀਏ ਦੱਸ ਦਿੱਤੇ ਸਨ ਜੋ ਉਸ ਹੋਟਲ ਵਿਚ ਪਿਛਲੇ ਦੋ ਵਰਹੇ ਠਹਰੇ ਸਨ। ਮੈਸਮੈਰੇਜ਼ਮ ਦਾ ਤਾਂ ਸਾਰਾ ਆਧਾਰ ਖ਼ਿਆਲਾ ਦੀ ਤਾਕਤ ਉਤੇ ਹੀ ਹੈ।

ਸੋ ਜਦ ਕਦੀ ਚੰਗੇ, ਖੁਸ਼ੀ ਦੇ ਖਿਆਲ ਉਸ ਬੱਚੇ ਉਤੇ ਅਸਰ ਕਰਦੇ ਹਨ ਤਾਂ ਉਹ ਹਸ ਪੈਂਦਾ ਹੈ ਅਤੇ ਜਦ ਬੁਰੇ ਖਿਆਲਾਂ ਦਾ ਦੌਰਾ ਉਸ

ਬੱਚੇ ਉਤੇ ਪੈਂਦਾ ਹੈ ਤਾਂ ਬਚਾ ਰੋਣੀ ਸ਼ਕਲ ਬਣਾ ਲੈਂਦਾ ਹੈ ।

ਇਸ ਅਸਰ ਤੋਂ ਬੱਚੇ ਨੂ ਬਚਾਣ ਲਈ ਲੋਕ ਉਸਦੇ ਪਾਸ ਕਰਦ ਯਾ ਚਾਕੂ ਰਖ ਦਿਦੇ ਹਨ । ਇਹ ਗਲ ਆਪ ਨੇ ਆਪਣੇ ਘਰਾਂ ਵਿਚ ਦੇਖੀ ਹੋਊ । ਕਿਉਂ ਕਿ ਲੋਹੇ ਦੀ ਕਰਦ ਤਲਵਾਰ ਅਤਵਾ ਐਸੀ ਹੋਰ ਕੋਈ ਚੀਜ ਬੱਚੇ ਦੇ ਪਾਸ ਹੋਣ ਕਰਕੇ ਉਸ ਖਤਰੇ ਤੋਂ ਇਆਣਾਂ ਬੱਚਾ ਬਚਿਆ ਰਹਿੰਦਾ ਹੈ । ਹਰ ਇਕ ਸੂਬੇ ਤੇ ਮੁਲਕ ਵਿਚ ਇਹ ਰਵਾਜ ਹੈ, ਹਾਂ ਰਵਾਜ ਮੂਜਬ ਚੀਜਾਂ ਵਖ ਵਖ ਹੰਦੀਆਂ ਹਨ, ਪਰ ਹੁੰਦੀਆ ਜਰੂਰ ਲੋਹੇ ਦੀਆਂ ਹੀ ਹਨ ।

(੬) ਜਦ ਮੁਸਲਮਾਨਾ ਵਿਚ ਸੁੰਨਤ ਕਰਦੇ ਹਨ ਤਾਂ ਸੁੰਨਤ ਬੈਠਣ ਵਾਲੇ ਦੇ ਹਥ ਵਿਚ ਲੋਹੇ ਦੀ ਕੜੀ ਬੰਨ੍ਹ ਦਿੰਦੇ ਹਨ ।

(੭) ਵਿਆਹ ਵੇਲੇ ਵੀ ਲਾੜੇ ਦੇ ਪਾਸ ਤਲਵਾਰ ਯਾ ਕਰਦ ਤੋਂ ਵਖ ਹਥ ਨੂ ਕੰਗਣਾ ਬੰਨ੍ਹਿਆਂ ਜਾਂਦਾ ਹੈ । ਉਸ ਕੰਗਣੇ ਵਿਚ ਲੋਹੇ ਦੇ ਛਲੇ ਇਕ ਤੋਂ ਵਧੀਕ ਬੱਧੇ ਹੰਦੇ ਹਨ । ਇਹ ਕਿਉਂ ? ਇਸਦਾ ਵੀ ਇਹੀ ਕਾਰਣ ਹੈ ਕਿ ਉਹ ਲੜਕਾ ਜਿਸਦਾ ਵਿਆਹ ਹੋਣ ਵਾਲਾ ਹੈ ਉਸਨੂ ਵਟਣਾ ਆਦਕ ਮਲਕੇ ਇਸ਼ਨਾਨ ਕਰਾਕੇ

ਨਵੇਂ ਕਪੜੇ ਪੁਵਾਏ ਜਾਂਦੇ ਹਨ, ਉਸ ਵੇਲੇ ਲੜਕਾ ਖੂਬਸੂਰਤ ਹੋ ਜਾਂਦਾ ਹੈ । ਉਸ ਵੇਲੇ ਉਸਨੂ ਹਰ ਕੋਈ ਨੀਝ ਲਗਾਕੇ ਵੇਖਦਾ ਹੈ । ਉਸ ਨਜ਼ਰ ਤੋਂ ਰੋਕਣ ਲਈ ਕੰਗਣੇ ਦੇ ਛੱਲੇ ਨਜ਼ਰ ਦੇ ਬੁਰੇ ਅਸਰ ਨੂ ਆਪਣੇ ਵਲ ਖਿਚਕੇ ਲੜਕੇ ਨੂ ਬਚਾਉਂਦੇ ਹਨ, ਇਹ ਕੰਗਣੇ ਦਾ ਰਵਾਜ ਹਿੰਦੂ ਮੁਸਲਮਾਨ ਦੁਹਾਂ ਕੌਮਾਂ ਵਿਚ ਬ੍ਰਾਬਰ ਦੇਖੀਦਾ ਹੈ ਤੇ ਕੰਗਣੇ ਨੂ ਲੋਹੇ ਦੇ ਛਲੇ ਜ਼ਰੂਰ ਬੱਧੇ ਹੁੰਦੇ ਹਨ ।

(੮) ਇਸੇ ਤਰਾਂ ਆਪ ਦੇਖੋਗੇ ਕਿ ਜਦ ਕਿਸੇ ਦੇ ਘਰ ਮੌਤ ਹੋ ਜਾਏ ਤਾਂ ਸਭ ਕੌਮਾਂ ਤੇ ਦੇਸਾਂ ਵਿਚ ਹਿੰਦੂ, ਮੁਸਲਮਾਨਾ ਦੁਹਾਂ ਵਿਚ ਪੁਰਾਣੇ ਜਮਾਨੇ ਤੋਂ ਰਵਾਜ ਚਲਿਆ ਆਉਂਦਾ ਹੈ ਕਿ ਜਦ ਮੁਰਦੇ ਨੂ ਸਸਕਾਰ ਕਰਨ ਜਾਂਦੇ ਹਨ ਤਾਂ ਹਿੰਦੂ ਲੋਕ ਜਿਥੋਂ ਤਕ ਹੋ ਸਕੇ ਉਨ ਦੇ ਕਪੜੇ ਪਾਉਂਦੇ ਹਨ ਅਥਵਾ ਇਸ਼ਨਾਨ ਕਰਕੇ, ਕਪੜੇ ਧੋਕੇ ਫਿਰ ਘਰ ਨੂ ਮੁੜਦੇ ਹਨ ।

ਅਤੇ ਜੋ ਆਦਮੀ ਮੁਰਦੇ ਦੀ ਕ੍ਰਿਯਾ ਕਰਮ ਕਰਦਾ ਹੈ ਯਾ ਲੰਬੂ ਲਾਉਂਦਾ ਹੈ ਉਹ ਆਪਣੇ ਪਾਸ ਲੋਹੇ ਦੀ ਕਰਦ ਯਾ ਚਾਕੂ ਜ਼ਰੂਰ ਰਦਾਖ ਹੈ ।

ਬੰਗਾਲੀ ਲੋਕ ਬੰਗਾਲੇ ਵਿਚ ਚਾਕੂ ਦੇ ਥਾਂ

ਧੋਤੀ ਦੇ ਇਕ ਸਿਰੇ ਵਿਚ ਲੋਹੇ ਦੀ ਕੁੰਜੀ ਬੰਨ ਰਖਦੇ ਹਨ ।

ਪਹਾੜੀ ਲੋਕ ਪਹਾੜ ਵਿਚ ਆਪਣੇ ਰਵਾਜ ਮੂਜਬ ਮਰਦੇ ਦੀ ਕ੍ਰਿਯਾ ਕਰਮ ਆਦਕ ਕਰਨ ਸਮੇ ਦਾਤ੍ਰੀ ਆਪਣੇ ਪਾਸ ਰਖਦੇ ਹਨ ਜੋ ਲੋਹੇ ਦੀ ਹੁੰਦੀ ਹੈ।

ਰਾਜ ਪੂਤਾਂਨੇ ਵਿਚ ਐਸੇ ਸਮੇ ਆਪਨੇ ਪਾਸ ਲੋਕ ਤਲਵਾਰ ਰਖਦੇ ਹਨ।

ਅਫਗਾਂਨਿਸਤਾਂਨ ਵਿਚ ਆਪਣੇ ਮੁਰਦਾਰ ਨੂ ਦਬਣ ਸਮੇ ਪਠਾਣ ਲੋਕ ਛੁਰਾ ਆਪਣੇ ਪਾਸ ਰਖਦੇ ਹਨ ਅਤੇ ਜਦ ਤੀਕ ਚਾਲੀਸਵਾਂ ਨ ਹੋ ਜਾਏ ਛੁਰੇ ਸਮੇਤ ਹੀ ਰਹਿੰਦੇ ਹਨ। ਚੀਨ ਦੇ ਰਹਿਨ ਵਾਲੇ ਮੌਤ ਸਮੇ ਆਪਣੀ ਪਹਿਲੀ ਉਂਗਲੀ ਵਿਚ ਲੋਹੇ ਦਾ ਛੱਲਾ ਰਖਦੇ ਹਨ ।

ਅਫਰੀਕਾ ਦੇ ਲੋਕ ਇਸ ਸਮੇ ਆਪਣੇ ਹਥ ਵਿਚ ਲੋਹੇ ਦਾ ਇਕ ਤੀਰ ਰਖਦੇ ਹਨ ।

ਭੂਟਾਂਨ ਦੇਸ ਵਿਚ ਭੂਟਾਂਨੀ ਲੋਕ ਅਤੇ ਤਿਬਤ ਵਿਚ ਤਿਬਤੀ ਲੋਕ ਲੋਹੇ ਦਾ ਤ੍ਰਿਸੂਲ ਮਥੇ ਉਤੇ ਲਟਕਾ ਰਖਦੇ ਹਨ ਯਾ ਜੇ ਬੁਢਾ ਹੋਵੇ ਤਾ ਗਲ ਵਿਚ ਧਾਗਾ ਪਾਕੇ ਲਟਕਾ ਰਖਦੇ ਹਨ।

ਨੈਪਾਲੀ ਲੋਕ ਨੈਪਾਲ ਵਿਚ ਖੋਖਰੀ ਰਖਦੇ ਹ

ਭਾਵ ਸਾਰੇ ਹਿਦੁਸਤਾਂਨ ਵਿਚ ਬਹੁਤ ਕਦੀਮ ਤੋਂ ਇਸ ਕਿਸਮ ਦਾ ਰਵਾਜ ਅਜ ਤਕ ਮੌਜੂਦ ਹੈ ਆਪ ਨੇ ਕਦੇ ਇਸ ਗੱਲ ਨੂ ਸੋਚਿਆ ਹੈ ਕਿ ਮੌਤ ਤੋਂ ਪਿਛੋਂ ਘਰ ਵਾਲਿਆਂ ਵਿਚ ਅਜੇਹਾ ਕਰਨ ਦਾ ਰਵਾਜ ਕਿਓਂ ਪਿਆ ਹੈ ? ਆਮ ਲੋਕਾਂ ਨੇ ਤਾਂ ਇਸ ਗਲ ਉਤੇ ਵਿਚਾਰ ਨਹੀ ਕੀਤੀ ਅਤੇ ਇਸ ਸਮੇ ਵਿਚ ਨ ਹੀ ਕਿਸੇ ਨੇ ਇਹ ਗਲ ਸਮਝੀ ਹੈ । ਕਿਉਂਕਿ ਇਹ ਬਰੀਕ ਵਿਚਾਰ ਹੈ ਤੇ ਅਜ ਕਲ ਦੇ ਲੋਕਾਂ ਨੂ ਸੂਖਮ ਵਿਚਾਰਾਂ ਕਰਨ ਦਾ ਸ਼ੌਕ ਹੀ ਨਹੀ, ਸਗੋਂ ਝੱਟ ਪੱਟ ਇਹ ਆਖਕੇ ਕਿ ਅਜੀ ਇਹ ਤਾਂ ਪੁਰਾਂਣ ਜ਼ਮਾਨੇ ਦੀਆਂ ਗੱਲਾਂ ਹਨ ਇਨਾ ਗਲਾਂ ਵਿਚ ਕੀ ਪਿਆ ਹੈ ਟਾਲ ਦਿੰਦੇ ਹਨ । ਪ੍ਰੰਤੂ ਪੁਰਾਣੇ ਲੋਕਾਂ ਨੇ ਜੋ ਵੀ ਗਲਾਂ ਜਾਰੀ ਕੀਤੀਆਂ ਹੋਈਆਂ ਹਨ ਉਹ ਕਿਸੇ ਅਸੂਲ ਤੇ ਜਾਰੀ ਹਨ । ਹਾਂ ਅਵਿਦਿਆ ਕਰਕੇ ਉਨ੍ਹਾ ਵਿਚ ਕਈ ਤਰਾਂ ਦੀ ਅਦਲਾ ਬਦਲੀ ਹੋ ਗਈ ਹੈ। ਸੋਚਨ ਨਾਲ ਇਹ ਗਲਾਂ ਬੜੀਆਂ ਲਾਭ ਦਾਯਕ ਪ੍ਰਤੀਤ ਹੁੰਦੀਆਂ ਹਨ ।

ਹੁਣ ਮੈ ਆਪ ਨੂ ਦਸਦਾ ਹਾਂ ਕਿ ਮੌਤ ਉਪ੍ਰੰਤ ਲੋਹੇ ਦੀ ਕੋਈ ਨ ਕੋਈ ਚੀਜ ਕਿਓਂ ਪਾਸ ਰਖਦੇ ਹਨ ਸਪਸ਼ਟ ਤੌਰ ਤੇ ਇਸਦਾ ਕਾਰਣ ਇਹ ਹੈ ਕਿ ਹਿੰਦੂਆਂ ਵਿਚ ਜੋ ਆਦਮੀ ਮਰਨੇ ਉਪ੍ਰੰਤ

ਕ੍ਰਿਯਾ ਕਰਮ ਲਈ ਬੈਠਦਾ ਹੈ ਉਹ ਅਕਸਰ ਉਸਦਾ ਕੋਈ ਨੇੜੇ ਦਾ ਸੰਬੰਧੀ, ਪੁਤ੍ਰ ਭਤੀਜਾ ਆਦਕ ਹੀ ਹੁੰਦਾ ਹੈ। ਜਦ ਆਦਮੀ ਮਰਨ ਲਗਦਾ ਹੈ ਤਾਂ ਉਸਦੇ ਖਿਆਲ ਆਪਣੇ ਨਜਦੀਕੀ ਸੰਬੰਧੀ ਵਲ ਹੀ ਵਧੀਕ ਦੌੜਦੇ ਹਨ ਅਤੇ ਆਮ ਤੌਰ ਤੇ ਉਨ੍ਹਾਂ ਵਿਚੋਂ ਹੀ ਕੋਈ ਉਸਦਾ ਕ੍ਰਿਯਾ ਸਾਧਕ ਹੁੰਦਾ ਹੈ। ਮਰਨ ਵਾਲੇ ਦੇ ਕਈ ਖਿਆਲ ਕਈ ਵੇਰ ਰੂਪ ਧਾਰਕੇ ਨਿਗਾਹ ਵੀ ਆਉਣ ਲਗ ਪੈਦੇ ਹਨ, ਜੇ ਉਸਦੇ ਪਾਸ ਲੋਹੇ ਦੀ ਕੋਈ ਪਵਿਤ੍ਰ ਚੀਜ਼ ਹੋਵੇ ਤਾਂ ਉਹ ਉਨ੍ਹਾਂ ਖਿਆਲਾਂ ਨੂ ਆਪਣੇ ਵਲ ਖਿਚਕੇ ਬੇ ਅਸਰ ਤੇ ਜਾਇਆ ਕਰ ਦਿੰਦੀ ਹੈ।

ਸੋ ਜਿਸ ਮਨੁਖ ਦੇ ਹਥ ਵਿਚ ਸਰਬ ਲੋਹ ਦਾ ਕੜਾ ਪਾਇਆ ਹੋਇਆ ਹੋਵੇਗਾ, ਉਸ ਉਤੇ ਉਹ ਖਿਆਲ ਅਸਰ ਨਹੀ ਪਾ ਸਕਣਗੇ ਤੇ ਕੜਾ ਆਪਣੀਆਂ ਨੋਕਦਾਰ ਧਾਰੀਆਂ ਦੀ ਰਾਹੀਂ ਬੁਰੇ ਖਿਆਲਾਂ ਦੇ ਅਸਰ ਨੂ ਆਪਨੀ ਵਲ ਖਿਚਕੇ ਨਿਕੰਮੇ ਕਰ ਦੇਵੇਗਾ।

ਦੁਖੀ ਖਿਆਲਾਂ ਦਾ ਅਸਰ ਮੁਰਦੇ ਦੇ ਨਾਲ ਜਾਣ ਵਾਲਿਆਂ ਤੇ ਵੀ ਪੈਂਦਾ ਹੈ। ਮਨ ਤੇ ਕਪੜੇ ਵੀ ਇਸ ਅਸਰ ਤੋਂ ਨਹੀਂ ਬਚਦੇ। ਇਸੇ ਲਈ ਗਯਾਨ ਵਿਦਯਾ (ਸਾਇੰਸ) ਦੇ ਵਿਦਵਾਂਨਾ ਨੇ ਇਹ

ਮ੍ਰਿਯਾਦਾ ਰਖੀ ਹੈ ਕਿ ਸਸਕਾਰ ਕਰਕੇ ਆਏ ਲੋਕ ਸਮੇਤ ਕਪੜਿਆਂ ਦੇ ਇਸ਼ਨਾਨ ਕਰਕੇ ਪਵਿਤਰ ਹੋਣ। ਹਾਂ ਅਜੇਹੇ ਸਮਿਆਂ ਤੇ ਉੱਨ ਦੇ ਕਪੜੇ ਪਏ ਹੋਏ ਜੋ ਸਾਥੀ ਹੁੰਦੇ ਹਨ, ਉਨਾ ਨੂ ਕਪੜੇ ਧੋਣ ਦੀ ਲੋੜ ਨਹੀ ਹੁੰਦੀ, ਕਿਉਂਕਿ ਉਨ ਤੇ **non conductor** ਹੋਣ ਕਰਕੇ ਖਿਆਲਾਂ ਦਾ ਅਸਰ ਨਹੀ ਹੁੰਦਾ।

ਪਹਿਲੇ ਕਿਸੇ ਸਮੇ ਵਿਚ ਸਾਡੇ ਅਪਣੇ ਦੇਸ ਵਿਚ ਸਾਇੰਸ (ਵਿਗਯਾਨ ਵਿਦਆ) ਬਹੁਤ ਉਨਤੀ ਕਰ ਚੁਕੀ ਹੈ। ਉਸ ਵੇਲੇ ਤੋਂ ਐਸੀ ਗਲਾਂ ਦਾ ਰਵਾਜ ਸ਼ੁਰੂ ਹੋਣ ਤੇ ਸਾਰੀ ਦੁਨੀਆਂ ਵਿਚ ਪਸਰਿਆ ਲਭਦਾ ਹੈ, ਜੋ ਬੜਾ ਹੀ ਲਾਭ ਵੰਦਾ ਹੈ।

(ਪ੍ਰਸ਼ਨ) ਜਦ ਕਿ ਖਿਆਲ ਦਾ ਅਸਰ ਮਨੁਖ ਦੇ ਕਪੜਿਆਂ ਤਕ ਤੇ ਪੈਂਦਾ ਹੈ, ਤਾਂ ਮਕਾਨ ਤੇ ਜਰੂਰ ਹੀ ਹੁੰਦਾ ਹੋਵੇਗਾ ਪ੍ਰੰਤੂ ਮਕਾਂਨ ਨੂ ਕੋਈ ਨਹੀ ਧੋਂਦਾ ਅਤੇ ਜਿਥੇ ਮੰਜੀ ਤੇ ਪਰਾਣੀ ਮਰਦਾ ਹੈ ਉਸ ਤੇ ਵੀ ਅਸਰ ਦਾ ਪੈਣਾਂ ਜਰੂਰੀ ਹੈ ਕੀ ਇਹ ਗਲ ਠੀਕ ਹੈ ?

(ਉਤਰ) ਜੀ ਹਾਂ ਬਿਲਕੁਲ ਠੀਕ ਹੈ। ਸਭ ਚੀਜਾਂ ਤੇ ਖਿਆਲ ਦਾ ਅਸਰ ਪੈਂਦਾ ਹੈ। ਕੀ ਆਪਨੂ ਮਲੂਮ ਨਹੀ ਕਿ ਇਹ ਵੀ ਪੁਰਾਣਾਂ

ਹੀ ਰਵਾਜ ਚਲਿਆ ਆਂਉਦਾ ਹੈ ਅਤੇ ਪੁਰਾਂਣੇ ਲੇਖ ਵੀ ਮਿਲਦੇ ਹਨ ਕਿ ਜਿਥੇ ਪ੍ਰਾਣੀ ਦਾ ਮਿਰਤੂ ਹੋਵੇ, ਉਸ ਮਕਾਨ ਨੂ ਪਾਣੀ ਨਾਲ ਧੋਤਾ ਜਾਵੇ ਅਤੇ ਕੰਧਾਂ ਨੂ ਗੋਹੇ ਨਾਲ ਲਿਪਿਆ ਜਾਵੇ । ਇਸਤਰਾਂ ਮੌਤ ਹੋ ਜਾਣ ਤੇ ਮਕਾਨ ਦੀ ਸਫਾਈ ਕਰਕੇ ਪੂਜਾ ਪਾਠ ਸ਼ੁਰੂ ਕਰਦੇ ਹਨ ਤੇ ਸਿਖਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਹੁੰਦਾ ਹੈ । ਅਤੇ ਜਿਸ ਮੰਜੀ ਤੇ ਪ੍ਰਾਣੀ ਚਲਾਣਾ ਕਰੇ ਉਹ ਸਮੇਤ ਕਪੜਿਆਂ ਦੇ ਚੂਹੜੇ ਨੂ ਦੇ ਦੇਣਾ ਪੁਰਾਣਾ ਰਵਾਜ ਹੈ । ਆਮ ਹਿੰਦੂਆਂ ਵਿਚ ਰਵਾਜ ਹੈ ਕਿ ਮਰਨ ਲਗਿਆਂ ਪ੍ਰਾਣੀ ਨੂ ਮੰਜੇ ਤੋਂ ਹੇਠਾਂ ਉਤਾਰ ਲੈਂਦੇ ਹਨ । ਆਪਨੇ ਕਦੇ ਸੋਚਿਆ ਹੈ ਕਿ ਮੰਜੇ ਤੋਂ ਭੁਞੇਂ ਕਿਉਂ ਲਾਹ ਲੈਂਦੇ ਹਨ ? ਇਸਦਾ ਇਹੀ ਸਬਬ ਹੈ ਕਿ ਕਈ ਟੱਬਰ ਬਹੁਤ ਗ਼ੀਬ ਹੁੰਦੇ ਹਨ, ਉਨ੍ਹਾ ਪਾਸ ਉਤਨੀਆਂ ਹੀ ਮੰਜੀਆਂ ਹੁੰਦੀਆਂ ਹਨ, ਜਿਤਨੀਆਂ ਦੀ ਉਨ੍ਹਾ ਨੂ ਲੋੜ ਹੋਵ, ਸਗੋ ਉਸ ਤੋਂ ਵੀ ਘਟ ਹੰਦੀਆਂ ਹਨ, ਜੇ ਪ੍ਰਾਣੀ ਮੰਜੇ ਤੇ ਮਰੇ ਤਾਂ ਉਹ ਮੰਜਾ ਚੂਹੜੇ ਨੂ ਦੇਣਾ ਪਵੇਗਾ, ਸੋ ਮੰਜੇ ਤੋਂ ਭੁਞੇਂ ਉਤਾਰਨ ਦਾ ਰਵਾਜ ਇਸ ਲਈ ਹੈ ਕਿ ਨ ਪ੍ਰਾਣੀ ਮੰਜੇ ਤੇ ਮਰੇ ਨ ਮੰਜਾ ਚੂਹੜੇ ਨੂ ਦੇਣਾ ਪਵੇ ।

ਦੂਸ੍ਰੇ ਲਿਪਾਈ ਤੇ ਸਫਾਈ ਮਕਾਨ ਤੇ ਕੰਧਾਂ ਦੀ ਹੋ ਜਾਣ ਕਰਕੇ ਕਈ ਤਰਾਂ ਜ਼ੀਆਂ ਬੀਮਾਰੀਆਂ ਦੇ ਕਿਰਮ (ਜੋ ਬੁਕ ਸੀਂਢ ਆਦਕ ਦ੍ਵਾਰਾ ਕੰਧਾਂ ਅਤੇ ਭੋਂ ਨੂ ਚੰਬੜੇ ਹੁੰਦੇ ਹਨ) ਦੂਰ ਹੋ ਜਾਂਦੇ ਹਨ ਤੇ ਮਕਾਨ ਵਿਚ ਵਸਣ ਵਲਿਆਂ ਦੀ ਅਰੋਗਤਾ ਦ੍ਰਿੜ ਹੋ ਜਾਂਦੀ ਹੈ।

ਜਿਸਦੇ ਹਥ ਵਿਚ ਸੁਧ ਲੋਹੇ ਦਾ ਕੜਾ ਹੋਵੇਗਾ ਉਸ ਉਤੇ ਮੁਰਦੇ ਦੇ ਖ਼ਿਆਲ ਅਸਰ ਨਹੀਂ ਕਰਨਗੇ।

ਕਲਗੀਧਰ ਜੀ ਨੇ ਇਸੇ ਲਈ ਕੜੇ ਨੂ ਬਹੁਤ ਲਾਭ ਵੰਦਾ ਜਣ ਕਰਕੇ ਇਕ ਧਾਰੀ ਯਾ ਤਿੰਨ ਧਾਰੀਆਂ ਵਾਲਾ ਕੜਾ ਹਥ ਵਿਚ ਰਖਣ ਦੀ ਆਗਿਆ ਦਿਤੀ ਹੈ। ਇਸੇ ਤਰਾਂ ਜਦ ਛੋਟੇ ਬਚੇ ਦਾ ਦਿਲ ਤੇ ਦਿਮਾਗ ਕਮਜ਼ੋਰ ਹੋਣ ਕਰਕੇ ਉਸਦੇ ਬਚਾ ਲਈ ਲੋਹ ਦੇ ਕਿਸੇ ਚੀਜ ਦੀ ਲੋੜ ਪਵੇ (ਜੈਸਾ ਕਿ ਉਪਰ ਦਸ ਆਏ ਹਾਂ) ਤਾਂ ਇਸ ਲੋੜ ਨੂ ਹਥ ਦਾ ਕੜਾ ਪੂਰਿਆਂ ਕਰ ਦਿੰਦਾ ਹੈ। ਇਸੇ ਤਰਾਂ ਮੁਸਲਮਾਨਾ ਵਿਕ ਸੁਨਤ (ਖ਼ਤਨਾ) ਅਤੇ ਅਨਾਜ ਦੇ ਬੋਹਲ, ਲੁਟੈਣ ਵਿਚ ਲੋਹੇ ਦੀ ਕੜੀ ਬੁਰੀ ਨਿਗਾਹ ਤੋਂ ਬਚਾਉਂਦੀ ਹੈ ਇਸੇ ਤਰਾਂ ਵਿਆਹ ਸ਼ਾਦੀ ਸਮੇ ਵੀ ਬੁਰੀ ਨਿਗਾਹ ਤੋਂ ਕੜਾ ਬਚਉਦਾ ਹੈ ਅਰਥਾਤ ਜਿਸਨੇ

ਕੜਾ ਪਾਇਆ ਹੋਵੇ, ਉਸਨੂ ਕੰਗਨਾ ਆਦਕ ਬੰਨ੍ਹਣ ਦੀ ਕੋਈ ਲੋੜ ਨਹੀਂ ਹੈ। ਮੌਤ ਦੇ ਸੰਬੰਧ ਵ੍ਰਿਚ ਵੀ ਬੁਰੇ ਅਸਰ ਤੋਂ ਬਚਾਣ ਲਈ ਕੜਾ ਮਦਦ ਕਰਦਾ ਹੈ। ਜਿਸਦੇ ਹਥ ਵਿਚ ਕੜਾ ਹੋਵੇ ਉਸਨੂ ਹੋਰ ਕੋਈ ਚੀਜ਼ ਪਾਸ ਰਖਣ ਦੀ ਲੋੜ ਨਹੀਂ। ਮੁਰਦੇ ਦੇ ਬੁਰੇ ਖਿਆਲਾਂ ਨੂ ਰੋਕਣ ਲਈ ਕੇਵਲ ਕੜਾ ਹੀ ਕਾਫੀ ਹੈ।

(ਪ੍ਰਸ਼ਨ) ਕਈ ਸਿਖਾਂ ਦੇ ਹਥ ਵਿਚ ਅਸਾਂ ਸਰਬ ਲੋਹ ਦੇ ਕੜੇ ਉਤੇ ਚਾਂਦੀ, ਨਿਕਲ, ਕਲੀ ਅਤੇ ਕਈਆਂ ਦੇ ਸੋਨੇ ਦਾ ਪਾਣੀ ਫਿਰਿਆ ਵੇਖਿਆ ਹੈ। ਐਸੇ ਰੰਗ ਬਿਰੰਗੇ ਕੜੇ ਪਹਨਨੇ ਮੇ ਕੋਈ ਹਰਜ ਤਾਂ ਨਹੀਂ ?

(ਉਤ੍ਰ) ਲੋਹੇ ਦੇ ਕੜੇ ਉਤੇ ਕਿਸੇ ਤਰਾਂ ਦਾ ਪਾਲਿਸ਼, ਰੰਗ ਯਾ ਕਲਈ, ਨਿਕਲ ਆਦਕ ਨਹੀ ਹੋਣਾ ਚਾਹੀਦਾ। ਸਿਖ ਰਹਿਤ ਵਿਚ ਇਸਦੀ ਆਗਿਆ ਨਹੀ। ਜੈਸਾ ਕਿ ਗੁਰਵਾਕ ਹੈਃ—

**ਬਹੁਤੇ ਵੇਸ ਕਰੇ ਕੂੜਿਆਰ ॥**

ਕਿਉਂਕਿ ਕੜੇ ਦੇ ਉਤੇ ਕਿਸੇ ਤਰਾਂ ਦੀ ਵੀ ਕਲੀ ਹੋਣ ਕਰਕੇ ਲੋਹਾ ਆਪਣਾ ਅਸਰ ਕਰਨੋ ਅਸਮ੍ਰਥ ਹੋ ਜਾਂਦਾ ਹੈ। ਤੇ ਉਸਦੀ ਉਹ ਤਾਕਤ ਨਹੀਂ ਰਹਿੰਦੀ। ਅਤੇ ਬੇਅਸਰ ਹੋਣ ਕਰਕੇ ਕੜੇ

ਦੀ ਕੇਵਲ ਖ਼ੂਬਸੂਰਤੀ ਹੀ ਰਹਿ ਜਾਂਦੀ ਹੈ । ਜਿਸ ਮਤਲਬ ਲਈ ਸ੍ਰੀ ਕਲਗੀਧਰ ਜੀ ਨੇ ਇਸਨੂੰ ਥਾਪਿਆ ਹੈ, ਉਹ ਮਤਲਬ ਗੁੰਮ ਹੋ ਜਾਦਾ ਹੈ ।

( ਪ੍ਰਸ਼ਨ ) ਇਹ ਗਲ ਸਾਡੀ ਸਮਝ ਵਿਚ ਨਹੀਂ ਆਈ ਕਿ ਕੜੇ ਉਤੇ ਕਿਸੇ ਤਰਾਂ ਦੀ ਝਾਲ ਯਾ ਪਾਲਿਸ਼ ਹੋਣ ਕਰਕੇ ਕੜੇ ਦਾ ਅਸਰ ਜਾਂਦਾ ਰਹਿੰਦਾ ਹੈ ।

( ਉਤਰ ) ਹਰ ਇਕ ਗਲ ਆਪਦੀ ਸਮਝ ਵਿਚ ਸੌਖੀ ਕਿਸਤਰਾਂ ਆ ਜਾਵ ਜਦਕਿ ਆਪਨੇ ਪਦਾਰਥ ਵਿਦਿਯਾ ਹੀ ਨਹੀ ਪੜੀ । ਇਸ ਹਾਲਤ ਵਿਚ ਤਾਂ ਆਪਨੂੰ ਸਤ੍ਰਿਗੁਰਾਂ ਦੇ ਬਚਨ ਤੇ ਵਿਸ਼ਵਾਸ ਹੀ ਕਰਨਾ ਚਾਹੀਦਾ ਹੈ ।

( ਸ੍ਰੋਤਾ ) ਭਲਾ ਕਿਸੇ ਤਰਾਂ ਥੋੜਾ ਬਹੁਤ ਤਾਂ ਸਮਝਾ ਦਿਓ ।

( ਵਕਤਾ ) ਹਛਾ ਸੁਣੋ ਇਕ ਉਦਾਹਰਣ ਦੇਕੇ ਆਪਨੂੰ ਸਮਝਾਉਂਦਾ ਹਾਂ । ਆਪਦੇ ਘਰ ਕੋਈ ਤਾਂਬੇ ਦਾ ਕੌਲ ਯਾ ਗੜਵਾ ਵੀ ਹੈ ?

( ਸ੍ਰੋਤਾ ) ਜੀ ਹਾਂ ਕਈ ਕੌਲ ਤੇ ਗੜਵੇ ਹਨ ।

( ਵਕਤਾ ) ਉਨ੍ਹਾਂ ਵਿਚੋਂ ਕੋਈ ਕਲੀ ਕੀਤਾ ਹੋਇਆ ਵੀ ਹੈ ?

( ਸ੍ਰੋਤਾ ) ਜੀ ਹਾਂ ਕਲੀ ਕੀਤੇ ਹੋਏ ਦੋ ਹਨ ।

(ਵਕਤਾ) ਹਛਾ ਦਹੀਂ ਤੇ ਲਸੀ ਆਪ ਕਿਸ ਭਾਂਡੇ ਵਿਚ ਰਖਦੇ ਹੋ? ਕਲੀ ਕੀਤੇ ਹੋਏ ਵਿਚ ਯਾ ਬਿਨਾ ਕਲੀ ਵਾਲੇ ਭਾਂਡੇ ਵਿਚ?

(ਸ੍ਰੋਤਾ) ਕਲੀ ਕੀਤੇ ਹੋਏ ਵਿਚ।

(ਵਕਤਾ) ਕਿਓਂ ਬਿਨਾ ਕਲੀ ਕੀਤੇ ਤਾਂਬੇ ਦੇ ਭਾਂਡੇ ਵਿਚ ਕਿਓਂ ਨਹੀਂ ਰਖਦੇ?

(ਸ੍ਰੋਤਾ) ਜੇ ਬਿਨਾਂ ਕਲੀ ਕੀਤੇ ਭਾਂਡੇ ਵਿਚ ਰਖੀਏ ਤਾਂ ਕਸ ਹੋ ਜਾਂਦੀ ਹੈ।

(ਵਕਤਾ) ਹਛਾ ਦਸੋ ਕਲੀ ਕੀਤੇ ਭਾਂਡੇ ਵਿਚ ਲਸੀ ਯਾ ਦਹੀਂ ਕਿਓਂ ਕਸੈਲੀ ਨਹੀਂ ਹੁੰਦੀ?

(ਸ੍ਰੋਤਾ) ਉਸਦੇ ਉਤੇ ਕਲੀ ਚੜ੍ਹੀ ਹੋਣ ਕਰਕੇ ਭਾਂਡੇ ਦੇ ਜ਼ਹਰੀਲੇ ਅਸਰ ਨੂ ਕਲੀ ਰੋਕ ਦਿੰਦੀ ਹੈ।

(ਵਕਤਾ) ਬਸ! ਜਿਸਤਰਾਂ ਤਾਂਬੇ ਦੇ ਅਸਲੀ ਅਸਰ ਨੂ ਕਲੀ ਰੋਕ ਦਿੰਦੀ ਹੈ ਤੇ ਤਾਂਬਾ ਆਪਣਾ ਸੁਭਾਵ ਵਰਤਾਉਣੋਂ ਅਸਮ੍ਰਥ ਹੋ ਜਾਂਦਾ ਹੈ, ਇਸੇ ਤਰਾਂ ਕੜੇ ਉਤੇ ਵੀ ਕੋਈ ਝਾਲ ਯਾ ਮੁਲੰਮਾਂ ਫਿਰਨ ਨਾਲ ਕੜਾ ਆਪਣਾ ਅਸਲੀ ਸੁਭਾਵ ਵਰਤਾਉਣੋਂ ਅਸਮ੍ਰਥ ਹੋ ਜਾਂਦਾ ਹੈ, ਇਸ ਲਈ ਕੜਾ ਸਦਾ ਸੁਧ ਤੇ ਅਸਲੀ ਹਾਲਤ ਵਿਚ ਸਰਬ ਲੋਹ ਦਾ ਹੋਣਾ ਚਾਹੀਦਾ ਹੈ।

(ਸ੍ਰੋਤਾ) ਠੀਕ ਹੈ, ਹੁਣ ਮੇਰੀ ਤਸੱਲੀ ਹੋ

ਗਈ ਹੈ ਅਤੇ ਕੜੇ ਸਬੰਧੀ ਤਿੰਨਾਂ ਹੀ ਤਰਾਂ ਨਾਲ ਸਾਨੂ ਲਾਭ ਪੁਜਦਾ ਹੈ । ਅਰਥਾਤ ( ੧ ) ਹਰ ਵੇਲੇ ਕੜੇ ਤੇ ਨਿਗਾਹ ਪੈਣ ਨਾਲ । ( ੨ ) ਹਥ ਵਿਚ ਰਗੜ ਖਾਣ ਨਾਲ । ( ੩ ) ਇਸ ਦੀਆਂ ਤਿਖੀਆਂ ਧਾਰੀਆਂ ਦੁਆਰਾ । ਇਸੇ ਲਈ ਇਸਦਾ ਪਹਨਣਾ ਸਿਖਾਂ ਲਈ ਖਾਸ ਕਰਕੇ ਮਜ਼ਹਬੀ ਹੁਕਮ ਕਰਕੇ ਅਤੇ ਸੂਬਤ ਮਨੁਖਾਂ ਲਈ ਭਾਵੇਂ ਉਹ ਕਿਸੇ ਵੀ ਦੇਸ, ਕੌਮ ਯਾ ਮਜ਼ਹਬ ਦੇ ਕਿਉਂ ਨ ਹੋਣ ਇਕੋ ਜੇਹਾ ਲਾਭਕਾਰੀ ਹੈ ।

ਇਹ ਸ੍ਰੀਰਕ ਤਾਕਤ ਨੂ ਵਧਾਉਂਦਾ ਹੈ, ਦਿਲ ਵਿਚ ਬਹਾਦਰੀ ਪੈਦਾ ਕਰਦਾ ਹੈ, ਅਤੇ ਖਿਆਲਾਂ ਦੀ ਤਾਕਤ ( ਬੁਰੀ ਨਜਰ ਤੋਂ ਬਚਾਉਣ] ।ਦਵਾਰਾ । ਇਸ ਲਈ ਆਦਮੀ, ਤੀਵੀਂ, ਲੜਕਾ, ਲੜਕੀ ਬੁਢਾ, ਜੁਆਨ, ਹਰ ਇਕ ਇਸ ਨੂ ਹਥ ਵਿਚ ਪਾਕੇ ਲਾਭ ਉਠ ਸਕਦਾ ਹੈ । ਧੰਨ ਹਨ ਸ੍ਰੀ ਕਲਗੀ ਧਰ ਜੀ ਸ੍ਵਾਮੀ ਪਿਤਾ, ਤੇ ਉਨ੍ਹਾ ਦੇ ਦਸੇ ਹੋਏ ਖ਼ਾਲਸਾ ਧਰਮ ਅਤੇ ਸਿਖ ਰਹਿਤ ! ਪਹਲਾਂ ਤਾਂ ਮੈ ਇਹ ਸਮਝਦਾ ਸਾਂ ਕਿ ਕੇਵਲ ਸਿਖਾਂ ਲਈ ਹੀ ਇਹ ਨਿਸ਼ਾਨ ਹਨ, ਪ੍ਰੰਤੂ ਹੁਣ ਮੈਨੂ ਮਲੂਮ ਹੋ ਗਿਆ ਕਿ ਇਹ ਅਸਲ ਸਾਰੀ ਦੁਨੀਆਂ ਵਾਸਤੇ ਇਕ ਰਸ ਲਾਭਦਾਯਕ ਹੋਣ ਤੇ **universal** ਹਨ । ਇਨ੍ਹਾ ਨੂ ਕੇਵਲ ਵਰਦੀ ਯਾ ਕੇਵਲ

ਨਿਸ਼ਾਨ ਕਹਿਣਾ ਭੁਲ ਹੈ, ਹੁਣ ਮੈਂ ਆਪਣੇ ਸਾਰੇ ਪ੍ਵਾਰ ਨੂੰ ਕੜੇ ਪਹਨਾਂਵਾਂਗਾ।

ਅਜ ਕਲ ਜਿਥੋਂ ਕੁ ਤਕ ਸਾਨੂੰ ਸੁਣਨ ਅਤੇ ਦੇਖਣ ਵਿਚ ਆਇਆ ਹੈ ਅੰਗ੍ਰੇਜ਼ੀ ਸਕੂਲਾਂ ਵਿਚ ਪੜ੍ਹੇ ਹੋਏ ਕੋਈ ਕੋਈ ਸਿਖ ਨੌ ਜੁਆਨ ਗੁਰੂ ਸ੍ਰਧਾ ਵਿਸ੍ਵਾਸ਼ ਦੀ ਕਮੀ ਕਰਕੇ ਸਿਖ ਧਰਮ ਦੀ ਸ੍ਰੀਰਕ ਰਹਿਤ ਕਛ, ਕੜਾ, ਕ੍ਰਿਪਾਨ, ਕੰਘਾ ਤੇ ਕੇਸਾਂ ਬਾਬਤ ਕੁਸੰਗ ਦੇ ਕਾਰਨ ਕਈ ਤਰਾਂ ਦੇ ਇਅਤ੍ਰਾਜ਼ ਕੀਤਾ ਕਰਦੇ ਹਨ। ਖ਼ਾਸ ਕਰਕੇ ਕੜੇ ਨੂੰ ਸ਼ਕ ਦੀ ਨਿਗਾਹ ਨਾਲ ਦੇਖਿਆ ਕਰਦੇ ਹਨ। ਕਈਆਂ ਨੂੰ ਕੜੇ ਸੰਬੰਧੀ ਇਹ ਆਖ਼ਦਿਆਂ ਵੀ ਸੁਣਿਆ ਹੈ ਕਿ ਦਸਮੇਸ ਸ੍ਰੀ ਕਲਗੀਧਰ ਜੀ ਦੇ ਸਮੇ ਤੋਂ ਤਿੰਨ ਹੀ ਰਹਿਤਾਂ (ਕਕਾਰ) ਹਨ। ਕੜਾ ਬਹੁਤ ਪਿਛੋਂ ਸਿਖਾਂ ਨੇ ਬਣਾ ਲਿਆ ਹੈ, ਜਿਹਾ ਕਿ ਇਕ ਅਧੀ ਥਾਂ ਕਿਤੇ ਲਿਖਿਆ ਹੋਇਆ ਵੀ ਹੈ। ਉਸੇ ਦਾ ਜਿਕਰ ਕਰਦਿਆਂ ਕੜੇ ਦੀ ਰਹਿਤ ਖਲਤ ਮਲਤ ਕਰ ਦਿਤੀ ਜਾਂਦੀ ਏ। ਕਿ ਪਹਿਲਾਂ ਕਛ, ਕੇਸ, ਕੰਘਾ ਤੇ ਕ੍ਰਿਪਾਨ ਹੀ ਹੁੰਦੇ ਸਨ ਪਰ ਇਕ ਸਮੇ ਦਾ ਜਿਕਰ ਹੈ ਕਿ ਦਸਮ ਪਾਤਸ਼ਾਹ ਜੀ ਦੇ ਮਹਲਾਂ ਨੇ ਇਕ ਬ੍ਰਾਹਮਣ ਨੂੰ ਛਨਿਛਰ ਦਾ ਦਾਨ ਦਿਤਾ ਜਦ ਉਹ ਬ੍ਰਾਹਮਣ ਆਪਣੇ ਘਰ ਨੂੰ ਜਾਣ ਲਗਾ ਤੇ

ਕਿਲੇ ਦੇ ਦਰਵਾਜੇ ਤੋਂ ਬਾਹਰ ਨਿਕਲਿਆ ਤਾਂ ਉਸ ਵੇਲੇ ਪਹਿਰੇ ਦਾਰ ਨੇ (ਜੋ ਨਿਹੰਗ ਸਿੰਘ ਸੀ) ਉਸੇ ਬ੍ਰਾਹਮਣ ਤੋਂ ਪੁਛਿਆ ਕਿ ਪੰਡਤ ਜੀ ਕੀ ਲੈ ਚਲੇ ਹੋ, ਤਾਂ ਬ੍ਰਾਹਮਣ ਨੇ ਆਖਿਆ ਮਹਾਰਾਜ ਛਨਿਛਰ ਦਾ ਦਾਂਨ ਜੋ ਸਾਹਿਬਾਂ ਦੇ ਘਰੋਂ ਮਿਲਿਆ ਹੈ ਲੈ ਚਲਿਆ ਹਾ। ਨਿਹੰਗ ਸਿੰਘ ਹੈਰਾਨ ਹੋਕੇ ਪੁਛਣ ਲਗਾ ਕਿ ਹੈਂ ਝੂਠ ਬੋਲਦਾ ਹੈਂ? ਟੀ ਗੁਰੂ ਘਰ ਤੇ ਵੀ ਛਨਿਛਰ ਤੇ ਗ੍ਰਹਿ ਦਾ ਅਸਰ ਹੋ ਸਕਦਾ ਹੈ? ਕਦੇ ਵੀ ਨਹੀਂ ਮਹਾਰਾਜ ਦਾ ਤਾਂ ਬਚਨ ਹੈ :—

ਸਗਨ ਅਪਸਗਨ ਤਾਕੋ ਲਗਾਹਿ
ਜਾ ਚੀਤ ਨ ਆਵਸ ਨਾਮ ॥

ਪਖੰਡ ਕਰਦਾ ਹੈਂ? ਦਿਖਾ ਤਾਂ ਸਹੀ ਕੀ ਦਾਨ ਹੈ? ਬਹਮਣ ਨੇ ਦਿਖਾਇਆ ਕਿ ਮਾਂਹ, ਤੇਲ ਤੇ ਲੋਹਾ ਤਿੰਨ ਚੀਜਾਂ ਲੈ ਚਲਿਆ ਸੀ। ਵੇਖਦਿਆਂ ਸਾਰ ਨਿਹੰਗ ਸਿੰਘ ਨੇ ਇਹ ਤਿੰਨੇ ਚੀਜ਼ਾਂ ਖੋਹ ਲਈਆਂ ਤੇ ਕਹਿਆ ਗੁਰੂ ਜੀ ਦੀਆਂ ਚੀਜ਼ਾਂ ਤੇ ਤੇਰਾ ਕੀ ਹਕ ਹੈ, ਇਹ ਸਾਡੀਆਂ ਚੀਜ਼ਾਂ ਹਨ। ਬ੍ਰਹਮਣ ਆਪਣਾਂ ਮੂੰਹ ਲੇਕੇ ਮੁੜ ਗਿਆ ਨਿਹੰਗਾਂ ਸਿੰਘਾਂ ਨੇ ਮਾਂਹ ਤਾਂ ਦਾਲ ਬਣਾਕੇ ਛਕ ਲਏ ਤੇ ਤੇਲ ਦੇ ਪਕੌੜੇ ਬਣਾਕੇ ਛਕ ਲਏ। ਅਤੇ ਲੋਹੇ ਦੇ ਕੜੇ ਬਣਾਕੇ ਆਪ ਪਾ ਲਏ।

ਓਦੋਂ ਤੋਂ ਕੜੇ ਦਾ ਰਵਾਜ ਸਿਖਾਂ ਵਿਚ ਚਲ ਪਿਆ।

ਇਹ ਹੈ ਕੜੇ ਸਬੰਧੀ ਫਿਲਾਸਫੀ ਜੋ ਇਕ ਥਾਂ ਲਿਖੀ ਹੋਈ ਅਸਾਂ ਪੜ੍ਹੀ ਹੈ। ਇਹ ਤਾਂ ਕਿਸੇ ਚੀਜ਼ ਦੇ ਵਿਰੁਧ ਪ੍ਰਚਾਰ ਕਰਨ ਦਾ ਉਹੀ ਤ੍ਰੀਕਾ ਹੈ, ਜਿਸਤਰਾਂ ਕਿਸੇ ਨੇ ਆਖਿਆ, ਸਿਰ ਤੇ ਸਾਫਾ ਬੰਨ੍ਹ ਲੈਣਾ ਚਾਹੀਦਾ ਹੈ। ਦੂਜੇ ਨੇ ਆਖਿਆ ਬੰਨ੍ਹ ਲਵੋ, ਪਰ ਸਾਫਾ ਬੰਨਣ ਨਾਲ ਸਿਰ ਤੇ ਭਾਰ ਹੋ ਜਾਂਦਾ ਹੈ, ਪਹਲਾਂ ਸਾਫਾ ਕੋਈ ਨਹੀਂ ਸੀ ਬੰਨ੍ਹਦਾ। ਇਹ ਤਾਂ ਸਿਰ ਦੀਆਂ ਮੁਸ਼ਕਾਂ ਬੰਨ੍ਹਕੇ ਸਿਰ ਨੂ ਕੈਦੀ ਬਣਾਉਂਦਾ ਹੈ, ਆਦਕ। ਅਰਥਾਤ ਇਹ ਤਾਂ ਸਾਫ ਅਖਰਾਂ ਵਿਚ ਨ ਆਖਣਾ ਕਿ ਸਾਫਾ ਨ ਬੰਨ੍ਹੋ, ਪਰ ਪੇਚੀਦਾ ਲਫ਼ਜ਼ਾਂ ਵਿਚ ਨਫਰਤ ਦਵਾ ਦੇਣਾ। ਇਹ ਤ੍ਰੀਕਾ ਇਸ ਲੇਖ ਵਚ ਵਰਤਿਆ ਗਿਆ ਹੈ। ਪ੍ਰੰਤੂ ਜੇ ਕੁਛ ਵਿਚਾਰ ਇਸ ਲੇਖ ਤੇ ਕਰੀਏ ਤਾਂ ਪਤਾ ਲਗਦਾ ਹੈ ਕਿ ਇਹ ਲੇਖ ਸਗੋਂ ਕੜੇ ਦੀ ਤਈਦ ਕਰਦਾ ਹੈ। ਪਹਲਾਂ ਤਾਂ ਇਹ ਗਲ ਅਕਲ ਹੀ ਨਹੀਂ ਮੰਨ ਸਕਦੀ ਕਿ ਸਤਗੁਰਾਂ ਦੇ ਘਰੋਂ ਛਨਿਛਰ ਦੀ ਪੂਜਾ ਕਰਕੇ ਬ੍ਰਹਮਣ ਨੂ ਦਾਨ ਦਿਤਾ ਜਾਵੇ। ਮਹਾਰਾਜ ਤਾਂ ਗ੍ਰਹਿ ਨਿਛਤ੍ਰਾਂ ਦਾ ਖੰਡਣ ਕਰਦੇ ਹਨ। ਜਿਹਾ ਕਿ ਵਾਕ ਹੈ:-

## ਸਗਨ ਅਪਸਗਨ ਤਾ ਕੋ ਲਗਹਿ ਜਾਂ ਚੀਤ ਨ ਆਵਸ ਨਾਮ ॥

ਇਹ ਹੋ ਹੀ ਨਹੀਂ ਸਕਦਾ ਕਿ ਗ੍ਰਹਾਂ ਦੇ ਡਰ ਕਰਕੇ ਸਤਗੁਰਾਂ ਦੇ ਘਰੋਂ ਪੂਜਾ ਹੋਵੇ। ਇਹ ਖਿਆਲ ਕਰਨਾ ਹੀ ਪਾਪ ਹੈ । ਕਿਉਂਕਿ ਇਹ

## ਅਵਰ ਉਪਦੇਸੈ ਆਪ ਨ ਕਰੈ ॥

ਵਾਲੀ ਗਲ ਗੁਰੂ ਘਰ ਤੋਂ ਨਹੀ ਹੋ ਸਕਦੀ । ਭਲਾ ਜੇ ਥੋੜੇ ਚਿਰ ਲਈ ਦੁਰਜਨ ਤੋਸ਼ ਨਯਾਯ ਦ੍ਵਾਰਾ ਮੰਨ ਵੀ ਲਈਏ ਤਾਂ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਬ੍ਰਹਮਣ ਤੋਂ ਨਿੰਗ ਸਿੰਘ ਨ ਲੋਹਾ ਲਿਆ ਤਾਂ ਲੋਹੇ ਦਾ ਤਵਾ ਕਿਉਂ ਨ ਬਣਇਆ, ਪਕੌੜੇ ਤਲਣ ਲਈ ਕੜਾਹੀ ਕਿਉਂ ਨ ਬਣਾਈ, ਡਾਂਗ ਨੂ ਸੰਮ ਕਿਓਂ ਨ ਚੜ੍ਹਵਾਇਆ । ਤੀਰ ਦੀ ਮੁਖੀ ਕਿਉਂ ਨ ਬਣਵਾਈ । ਕੜੇ ਹੀ ਕਿਉਂ ਬਣਵਾਏ । ਇਸ ਤੋਂ ਤਾਂ ਸਗੋਂ ਮਲੂਮ ਹੁੰਦਾ ਹੈ ਕੜੇ ਦੇ ਪਹਨਣ ਦਾ ਸਿਖਾਂ ਵਿਚ ਸਦਾ ਦਾ ਤੇ ਮੁਢੋਂ ਹੀ ਰਵਾਜ ਸੀ ਤੇ ਕੜਿਆਂ ਦੀ ਬਹੁਤ ਲੋੜ ਰੈਂਹਿਦੀ ਸੀ ਜੈਸਾ ਕਿ ਉਨ੍ਹੀ ਦਿਨੀ ਸਿਖ ਪ੍ਰੇਮੀ ਜਪੁਜੀ ਸਾਹਿਬ ਦੇ ਗੁਟਕੇ ਲਿਖਕੇ ਤੇ ਲਿਖਾਕੇ ਤਥਾ ਕਛਹਰੇ ਸਵਾਕੇ ਸਤਿਗੁਰਾਂ ਦੇ ਹਜੂਰ

ਭੇਟਾ ਕੀਤਾ ਕਰਦੇ ਸਨ ਉਹ, ਲੋੜ ਵੰਦ ਸਿਖਾਂ ਨੂ ਵੰਡੇ ਜਾਇਆ ਕਰਦੇ ਸਨ। ਇਸੇ ਤਰਾਂ ਕੜੇ ਵੀ। ਸੋ ਨਿਹੰਗ ਸਿੰਘ ਨੇ ਕੜੇ ਬਣਵਾ ਲਏ ਹੋਣਗੇ। ਜਿਸ ਚੀਜ ਦੀ ਲੋੜ ਹੁੰਦੀ ਹੈ ਉਹੀ ਬਣਵਾਈ ਜਾਂਦੀ ਹੈ ਤੇ ਇਸ ਸਾਖੀ ਤੋਂ ਸਗੋਂ ਸਾਬਤ ਹੁੰਦਾ ਹੈ ਕਿ ਕੜਾ ਪੁਰਾਤਨ ਹੈ।

ਅਸਾਂ ਦੇਖਿਆ ਹੈ ਕਿ ਜਿਨੀ ਦਿਨੀ ਸ੍ਰਕਾਰ ਅੰਗਰੇਜੀ ਦੀ ਜਰਮਨੀ ਨਾਲ ੧੯੧੪–੧੯ ਦੀ ਜੰਗ ਹੋ ਰਹੀ ਸੀ, ਉਨ੍ਹੀ ਦਿਨੀ ਜਿਥੇ ਜਿਥੇ ਤਾਂਬਾ, ਸਿਕਾ ਮਿਲਦਾ ਸੀ, ਸ੍ਰਕਾਰ ਮੁਲ ਲੈਕੇ ਗੋਲਾ ਗੋਲੀਆਂ ਬਨਾਣ ਲਈ ਇਕਤ੍ਰ ਕਰਦੀ ਸੀ। ਤਾਂ ਤੇ ਇਸਦਾ ਇਹ ਨਤੀਜਾ ਤਾਂ ਨਹੀ ਨਿਕਲਦਾ ਕਿ ਤੋਪ, ਗੋਲੇ, ਗੋਲੀਆਂ, ਤੇ ਬੰਦੂਕਾਂ ਓਦੋਂ ਤੋਂ ਹੀ ਬਣਨ ਸ਼ੁਰੂ ਹੋਏ ਹਨ, ਪਹਿਲਾਂ ਤੋਂ ਨਹੀ ਸਨ। ਇਸੇ ਤਰਾਂ ਨਿਹੰਗ ਸਿੰਘ ਨੂ ਲੋਹੇ ਦੇ ਕੜੇ ਬਣਵਾਣ ਤੋਂ ਇਹ ਨਤੀਜਾ ਕਢਣਾਂ ਕਿ ਕੜਾ ਪਹਿਲਾਂ ਸੀ ਹੀ ਨਹੀ, ਉਸ ਵੇਲੇ ਤੋਂ ਸ਼ੁਰੂ ਹੋਇਆ ਹੈ, ਗਲਤ ਹੈ। ਸਗੋਂ ਇਹ ਸਾਬਤ ਹੋਇਆ ਕਿ ਕੜਾ ਪਹਿਲਾ ਤੋਂ ਚਲਾ ਆਉਂਦਾ ਹੈ। ਕਿਉਂਕਿ ਸੂਰਯਪ੍ਰਕਾਸ਼ ਵਿਚ ਹੀ ਲਿਖਿਆ ਹੈ ਕਿ ਦਸਮ ਪਿਤਾ ਜੀ ਦੇ ਦਰਬਾਰ ਵਿਚ ਇਕ ਸਮੇ ਬਿਸ਼ੰਭਰਦਾਸ ਉਜੈਨ ਨਿਵਾਸੀ ਦਾ

ਪੁਤ੍ਰ ਦਰਸ਼ਨ ਕਰਨ ਲਈ ਆਇਆ । ਸ੍ਰਧਾ ਪੂਰਬਕ ਮਥਾ ਟੇਕਿਆ ਤੇ ਪੰਜ ਸੌ ਰੁਪਏ ਭੇਟਾ ਕਰਕੇ ਬੈਠ ਗਿਆ। ਕਲਗੀਧਰ ਪਿਤਾ ਜੀ ਨੇ ਪ੍ਰਸੰਨ ਹੋਕੇ, ਸਿਖ ਦਾ ਪ੍ਰੇਮ ਦੇਖਕੇ ਉਸਨੂੰ ਵਾਹਿਗੁਰੂ ਨਾਮ ਬਖਸ਼ਿਆ ਤੇ ਇਕ ਸਰਬ ਲੋਹੇ ਦਾ ਕੜਾ ਦਿਤਾ। ਉਹ ਲੈਕੇ ਵਾਪਸ ਘਰਨੂੰ ਤੁਰ ਪਿਆ ਪਰ ਰਾਹ ਵਿਚ ਸੋਚੀਂ ਪਿਆ ਕਿ ੫੦੦ ਰੁਪੈ ਦੇ ਵਟੇ ਇਕ ਲਫਜ਼ ਤੇ ਇਕ ਲੋਹੇ ਦਾ ਕੜਾ ਹੀ ਮਿਲਿਆ, ਹੋਰ ਕੁਛ ਨਹੀਂ। ਕੜਾ ਹਥ ਵਿਚ ਪਾਉਣ ਦਾ ਕੀ ਲਾਭ ਹੋਵੇਗਾ, ਮਾਮੂਲੀ ਲੋਹੇ ਦਾ ਹੀ ਤਾਂ ਹੈ। ਅਜੇਹੀਆਂ ਗਿਣਤੀਆਂ ਗਿਣਦਾ ਪਿੰਡ ਮਾਜਰੀ ਦੇਸ ਮਾਲਵੇ ਦੇ ਭਾਈ ਧਿਆਨ ਸਿੰਘ ਜੀ ਨਾਮੇ ਇਕ ਸਿਖ ਦੇ ਘਰ ਰਾਤ ਆ ਰਹਿਆ । ਰਾਤ ਨੂ ਜਦ ਪ੍ਰਸ਼ਾਦ ਪਾਣੀ ਤੋਂ ਵਿਹਲੇ ਹੋਕੇ ਬਚਨ ਬਿਲਾਸ ਕਰਨ ਲਗੇ ਤਾਂ ਭਾਈ ਧਿਆਨ ਸਿੰਘ ਨੇ ਪੁਛਿਆ ਕਿ ਕਿਥੇ ਗਏ ਸੀ, ਕਿਥੋਂ ਆ ਰਹੇ ਹੋ ? ਤਾਂ ਉਸਨੇ ੫੦੦ ਭੇਟਾ ਕਰਨ ਬਦਲੇ ਇਕ ਲੋਹੇ ਦਾ ਕੜਾ ਮਿਲਣ ਦਾ ਝੇਰਾ ਸੁਣਾ ਦਿਤਾ । ਇਹ ਗਲ ਸੁਣਕੇ ਭਾਈ ਜੀ ਨੇ ੫੦੦ ਆਪਣੇ ਪਾਸੋਂ ਦਿਤਾ ਤੇ ਸ਼ਬਦ ਤੇ ਕੜਾ ਮੁਲ ਲਿਆ । ਨਾਦਾਨ ਲੜਕੇ ਨੇ ਇਹ ਸੌਦਾ ਸੁਵੱਲਾ ਜਾਤਾ ਤੇ ਰੁਪਯੇ ਲੈਕੇ ਬਚਨ

ਤਥਾ ਕੜਾ ਭਾਈ ਧਿਆਨ ਸਿੰਘ ਜੀ ਨੂੰ ਦੇ ਕੇ ਖੁਸ਼ੀ ਖੁਸ਼ੀ ਘਰ ਪੁਜਾ ਰਾਹ ਦੇ ਸ਼ਹਿਰਾਂ ਵਿਚੋਂ ਸੌਦੇ ਕਰਦਾ ੫੦੦) ਦਾ ੧੦੦੦) ਬਣਾਕੇ ਘਰ ਅਪੜਿਆ । ਜਦ ਭਾਈ ਬਿਸੰਭਰ ਦਾਸ ਜੀ ਨੂੰ ਇਸ ਗਲ ਦਾ ਪਤਾ ਲਗਾ ਕਿ ਮੇਰਾ ਪੁਤ੍ ਸ੍ਰੀ ਕਲਗੀਧਰ ਜੀ ਦਾ ਦਿਤਾ ਬਚਨ ਤੇ ਕੜਾ ਰਾਹ ਵਿਚ ਵੇਚ ਆਇਆ ਹੈ ਤਾਂ ਬਹੁਤ ਵਿਰਲਾਪ ਕਰਨ ਲਗਾ, ਅਤੇ ਆਖਣ ਲਗਾ ਕਿ ਹੇ ਪੁਤ੍ ਤੈਂ ਇਹ ਕੀ ਕੀਤਾ, ਗੁਰੂ ਸਾਹਿਬ ਦੀ ਬਖਸ਼ਸ਼ ਕੀਤੀਆਂ ਹੋਈਆਂ ਚੀਜਾਂ ਤੂੰ ਕਿਓਂ ਦੇ ਆਇਆ ! ਬਿਸੰਭਰ ਦਾਸ ਦੇ ਸਾਰੇ ਘਰ ਵਿਚ ਰੋਣਾ ਪਿਟਣਾਂ ਤੇ ਸ਼ੋਕ ਵਰਤ ਗਿਆ, ਅੰਤ ਨੂੰ ਫੈਸਲਾ ਹੋਇਆ ਕਿ ਮੁੜ ਭਾਈ ਧਿਆਨ ਸਿੰਘ ਜੀ ਪਾਸ ਬੇਨਤੀ ਕੀਤੀ ਜਾਵੇ ਕਿ ਉਹ ੫੦੦) ਲੈ ਕੇ ਬਚਨ ਤੇ ਕੜਾ ਮੋੜ ਦੇਵੇ । ਦੋਵੇਂ ਪਿਤਾ ਪੁਤ੍ ਮਾਲਵੇ ਦੇਸ ਦੇ ਪਿੰਡ ਮਾਜਰੀ ਵਿਚ ਭਾਈ ਧਿਆਨ ਸਿੰਘ ਜੀ ਪਾਸ ਆਏ ਤੇ ਬੇਨਤੀ ਕੀਤੀ ਕਿ ਰੁਪਯਾ ਲੈ ਲਵੋ ਤੇ ਬਖਸ਼ਸ਼ ਮੋੜ ਦਿਓ । ਪ੍ਰੰਤੂ ਭਾਈ ਧਿਆਨ ਸਿੰਘ ਜੀ ਨੇ ਦੇਣੋ ਇਨਕਾਰ ਕਰ ਦਿਤਾ । ਬਿਸੰਭਰ ਦਾਸ ਜੀ ਨੇ ਦੂਨੇ ਤੇ ਚੌਗੁਣੇ ਵੀ ਰੁਪਯੇ ਦੇਣੇ ਚਾਹੇ ਪ੍ਰੰਤੂ ਭਾਈ ਧਿਆਨ ਸਿੰਘ ਜੀ ਨੇ ਨ ਮੰਨਿਆਂ ਤੇ

ਆਖਿਆ ਕਿ ਭਾਈ ਸਾਹਿਬ! ਸਤਗੁਰਾਂ ਦੀ ਬਖਸ਼ਸ਼ ਸਿਰ ਦਿਤਿਆਂ ਮਿਲ ਜਾਵੇ ਤਾਂ ਵੀ ਸਸਤੀ ਹੈ ਫਿਰ ਦੋਵੇਂ ਪਿਤਾ ਪੁਤਰ ਅਨੰਦ ਪੁਰ ਜੀ ਸਾਹਿਬ ਸ੍ਰੀ ਕਲਗੀਧਰ ਜੀ ਦੇ ਪਾਸ ਪੁਜੇ ਤੇ ਆਪਣੀ ਗਲਤੀ ਦੀ ਮੁਆਫੀ ਲੈਣ ਤਥਾ ਹੋਰ ਬਖਸ਼ਸ਼ ਮਿਲਣ ਲਈ ਬਿਨੈ ਕੀਤੀ। ਸਤਗੁਰਾਂ ਨੇ ਕਸੂਰ ਦੀ ਮਾਫੀ ਤਾਂ ਦੇ ਦਿਤੀ ਕਿਉਂਕਿ ਸਤਿਗੁਰ ਦਯਾਲ ਹਨ ਗੁਰਵਾਕ ਹੈ:-

**ਜੋ ਸਰਣ ਆਵੈ ਤਿਸ ਕੰਠ ਲਾਵੈ**
**ਇਹ ਬਿਰਦ ਸੁਆਮੀ ਸੰਦਾ ॥**

ਪ੍ਰੰਤੂ ਬਖਸ਼ਸ਼ ਪਹਿਲੇ ਵਰਤੀ ਨ ਹੋਈ ਤੇ ਆਖਿਆ ਕਿ ਉਹ ਸਮਾ ਲੰਘ ਗਿਆ। ਫਿਰ ਵੀ ਕ੍ਰਿਪਾਲ ਸਤਿਗੁਰਾਂ ਨੇ ਬਖਸ਼ੀਸ਼ ਦਿਤੀ ਤੇ ਭਾਈ ਧਿਆਨ ਸਿੰਘ ਜੀ ਉਤੇ ਬਹੁਤ ਖੁਸ਼ੀ ਹੋਈ। ਪਰਵਾਰ ਬਹੁਤ ਵਧਿਆ, ਤੇ ਹੁਣ ਤਕ ਸਿਖੀ ਦੇ ਬਹੁਤ ਸ੍ਰਧਾਲੂ ਤੇ ਪੰਥ ਦੇ ਉਘੇ ਸੇਵਕ ਹਨ।

ਇਸੇ ਤਰਾਂ ਦਾ ਇਕ ਹੋਰ ਪ੍ਰਸੰਗ ਭੀ ਆਪ ਨੂੰ ਸੁਣਾਉਂਦੇ ਹਾਂ:-

ਸ੍ਰੀ ਕਲਗੀਧਰ ਜੀ ਇਕ ਵੇਰ ਜੰਗ ਵਿਚ ਪਹਾੜੀਆਂ ਨੂੰ ਹਾਰ ਦੇ ਕੇ ਆਉਂਦੇ ਹੋਏ ਪਿੰਡ

ਰਾਇ ਪੁਰ, ਤਸੀਲ ਨਰੈਣ ਗੜ੍ਹ ਜ਼ਿਲਾ ਅੰਬਾਲਾ ਦੇ ਸੂਰਜਬੰਸੀ ਰਾਜਾ ਨੂੰ ਮਿਲੇ, ਤਾਂ ਉਸਨੇ ਬੜੇ ਪ੍ਰੇਮ ਨਾਲ ਸਤਿਗੁਰਾਂ ਨੂੰ ਆਪਣੇ ਘਰ ਲਿਜਾਕੇ ਉਤਾਰਾ ਦਿਤਾ ਤੇ ਬਹੁਤ ਸਤਿਕਰ ਨਾਲ ਸੇਵਾ ਕੀਤੀ। ਸਤਿਗੁਰ ਇਕ ਦਿਨ ਤੇ ਇਕ ਰਤ ਰਹਿਕੇ ਚਲਨ ਲੱਗੇ ਤਾਂ ਰਾਜ ਕੁਮਾਰ ਜੀ ਨੇ ਨਿਮਰਤਾ ਪੂਰਵਕ ਬੇਨਤੀ ਕੀਤੀ ਕਿ ਮੇਰੇ ਉਤੇ ਕ੍ਰਿਪਾ ਕਰਕੇ ਕੋਈ ਲਾਹੇਵੰਦੀ ਗੱਲ ਦਸੋ, ਜਿਸ ਨਾਲ ਮੇਰਾ ਲੋਕ ਤੇ ਪ੍ਰਲੋਕ ਸੌਰ ਜਾਵੇ। ਸਾਹਿਬਾਂ ਨੇ ਉਸਦਾ ਪ੍ਰੇਮ ਦੇਖਕੇ ਹੁਕਮ ਕੀਤਾ ਕਿ ਅੰਮ੍ਰਤ ਛਕੋ। ਰਾਜ ਕੁਮਾਰ ਨੇ ਅਗੋਂ ਬੇਨਤੀ ਕੀਤੀ ਕਿ ਸਚੇ ਪਾਤਸ਼ਾਹ! ਆਪ ਹੀ ਛਕਾ ਦਿਓ। ਉਸਦੀ ਬੇਨਤੀ ਮੰਨਕੇ ਸਤਿਗੁਰਾਂ ਨੇ ਰਾਜਕੁਮਾਰ ਨੂ ਅਪ ਅੰਮ੍ਰਤ ਛਕਾਇਆ ਤੇ ਇਕ ਮੋਟੇ ਡਲ ਦਾ ਕੜਾ ਤਥਾ ਇਕ ਸ੍ਰੀ ਸਾਹਿਬ (ਕ੍ਰਿਪਾਨ) ਆਪਣੇ ਹਥੀਂ ਉਸ ਰਾਜ ਕੁਮਾਰ ਨੂੰ ਬਖਸ਼ੀ ਤੇ ਬਚਨ ਕੀਤਾ ਕਿ ਜਦ ਤਕ ਕ੍ਰਿਪਾਨ ਤੇ ਕੜੇ ਦਾ ਅਦਬ ਰਖੋਗੇ ਰਾਜ ਗਦੀ ਕਾਇਮ ਰਹੇਗੀ ਅਤੇ ਜਦ ਕੜੇ ਤੇ ਕ੍ਰਿਪਾਂਨ ਦਾ ਅਦਬ ਤੇ ਪਿਆਰ ਇਸ ਘਰੋਂ ਚਲਾ ਜਾਵੇਗਾ ਤਾਂ ਰਾਜ ਵੀ ਚਲਾ ਜਾਵੇਗਾ। ਸੋ ਅਜੇਹਾ ਹੀ ਹੋਇਆ ਕਈ ਪੀੜ੍ਹੀਆਂ ਤਕ ਗੁਰੂ ਦੀ ਦਾਤ ਦਾ ਅਦਬ

ਤੇ ਰਾਜ ਕਾਇਮ ਰਹਿਆ, ਪ੍ਰੰਤੂ ਅਫਸੋਸ ਹੈ ਕਿ ਦੋ ਪੀੜ੍ਹੀਆਂ ਤੋਂ ਕੁਸੰਗ ਦੇ ਕਾਰਣ ਅਤੇ ਸਿਖਾਂ ਦੀ ਅਣਗਹਿਲੀ ਕਰਕੇ ਉਸ ਘਰਾਂਣੇ ਵਿਚੋਂ ਸਿਖੀ ਦਾ ਪ੍ਰੇਮ ਘਟਣ ਲਗਾ, ਨਾਲ ਹੀ ਸਤਿਗੁਰਾਂ ਦੀ ਅਮੋਲਕ ਦਾਤ ਕੜੇ ਤੇ ਕ੍ਰਿਪਾਂਨ ਦਾ ਉਹ ਅਦਬ ਤੇ ਪਿਆਰ ਨ ਰਹਿਣ ਕਰਕੇ ਰਾਜ ਭਗ ਵੀ ਨਸ਼ਟ ਹੋ ਗਿਆ, ਪਰ ਕੜਾ ਤੇ ਕ੍ਰਿਪਾਂਨ ਭਾਵੇਂ ਖਸਤਾ ਹਾਲਤ ਵਿਚ ਪਰ ਅਜ ਤਕ ਮੌਜੂਦ ਹੈ।

ਇਨ੍ਹਾਂ ਸਾਖੀਆਂ ਤੇ ਹਾਲਾਂ ਨੂ ਪੜ੍ਹਕੇ ਇਹ ਸਾਫ ਪ੍ਰਗਟ ਹੈ ਕਿ ਕੜੇ ਦੀ ਦਾਤ ਸਿਖਾਂ ਨੂ ਕਲਗੀਧਰ ਜੀ ਤੋਂ ਹੀ ਮਿਲੀ ਹੈ, ਨਿਹੰਗਾਂ ਸਿੰਘਾਂ ਆਪਣੇ ਵਲੋਂ ਨਹੀ ਚਲਾਈ। ਜਦ ਤੋਂ ਖਾਲਸਾ ਪੰਥ ਦੀ ਸਾਜਣਾਂ ਹੋਈ ਤੇ ਰਹਿਤ ਦਾ ਹੁਕਮ ਹੋਇਆ ਓਦੋਂ ਤੋਂ ਹੀ ਪੰਜ ਕਕਾਰ ਦੀ ਰਹਿਤ ਜਾਰੀ ਹੋਈ, ਜਿਸ ਵਿਚ ਕੜਾ ਸ਼ਾਮਲ ਹੈ। ਇਸ ਲਈ ਰਹਿਤ ਵਾਂਨ ਸਿਖ ਲਈ ਸਰਬ ਲੋਹ ਦਾ ਕੜਾ ਹਥ ਵਿਚ ਰਖਣਾਂ ਬਹੁਤ ਜ਼ਰੂਰੀ ਹੈ ਤੇ ਇਹ ਕਲਗੀਧਰ ਜੀ ਦੇ ਹੁਕਮ ਅਨੁਸਾਰ ਹੈ। ਬਾਕੀ ਰਹੀ ਗਲ ਕਿ ਇਸਦਾ ਲਾਭ ਕੀ ਹੈ ਸੋ ਸਿਖ ਨੂ ਤਾਂ ਇਸ ਤਰਾਂ ਦਾ ਖਿਆਲ ਹੀ ਦਿਲ ਵਿਚ ਨਹੀ ਆਉਣਾਂ ਚਾਹੀਦਾ। ਸਿਖ

ਲਈ ਤਾਂ ਃ—

**ਗੁਰ ਕਹਿਆ ਸਾ ਕਾਰ ਕਮਾਵਹੁ ॥**

ਗੁਰਵਕ ਤੇ ਅਮਲ ਹੋਣਾ ਚਾਹੀਦਾ ਹੈ। ਇਸੇ ਵਿਚ ਸਿਖ ਦੀ ਕਲਿਆਂਣ ਹੈ ਕਿ ਜੋ ਕੁਛ ਹੁਕਮ ਹੋਵੇ ਬਿਨਾਂ ਚੂੰ ਚਰਾਂ ਦੇ ਪ੍ਰਵਾਨ ਕਰੇ ਜੈਸਾ ਕਿ ਗੁਰਵਾਕ ਵੀ ਹੈ:—

**ਇਹੀ ਆਚਾਰ ਇਹੀ ਬਿਉਹਾਰਾ ਆਗਿਆ ਮਾਨ ਗਤ ਹੋਇ ਤੁਮਾਰੀ ॥**

ਕਿਉਂਕਿ ਸਿਖ ਬਣਨਾਂ ਖੇਡ ਤਮਾਸ਼ਾ ਨਹੀਂ। ਸਿਖ ਬਣਨ ਲਈ ਸ਼ਰਤ ਹੈ ਜੋ ਪਹਿਲਾਂ ਮੰਨਣੀ ਪੈਂਦੀ ਹੈ ਤੇ ਉਹ ਇਹ ਹੈ ਕਿ ਃ—

**ਪਹਲਾਂ ਮਰਣ ਕਬੂਲ ਜੀਵਣ ਕੀ ਛਡ ਆਸ ॥ ਹੋਹੁ ਸਗਲ ਕੀ ਰੇਣਕਾ ਤਉ ਆਉ ਹਮਾਰੇ ਪਾਸ ॥**

ਯਥਾਃ—

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰ ਧਰ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰ ਧਰੀਜੈ ।**

## ਸਿਰਦ ੀਜੈ ਕਾਣ ਨ ਕੀਜੈ ॥

ਸੋ ਪਿਆਰੇ ਭ੍ਰਾਵੋ ਬਜ਼ਰਗੋ ਜਦੋਂ ਸਿਖ ਨੇ ਸਿਰ ਗੁਰੂ 'ਕੇ ਅਰਪਣ ਕਰ ਦਿਤਾ ਤਾਂ ਦੁਨੀਆਂ ਵਲੋਂ ਮਰ ਗਿਆ ਤੇ ਗੁਰੂ ਦੇ ਘਰ ਵਿਚ ਨਵਾਂ ਜਨਮ ਮਿਲ ਗਿਆ। ਜੇਸਾ ਕਿ ਗੁਰਵਾਕ ਹੈ :-

## ਗੁਰ ਕੇ ਜਨਮੇ ਗਵਨ ਮਿਟਾਇਆ ॥

ਜਦ ਇਹ ਸ੍ਰੀਰ ਸਤਿਗੁਰਾਂ ਦਾ ਹੋਗਿਆ ਤਾਂ ਹੁੱਜਤ ਕਹੀ ? ਪਰ ਜੇ ਕੋਈ ਅਨਮਤੀ ਪ੍ਰਸ਼ਨ ਕਰੇ ਕਿ ਕੜਾ ਕਿਉਂ ਪਾਉਂਦੇ ਹਨ ਇਸਦਾ ਕੀ ਲਾਭ ਹੈ ਤਾਂ ਰਹਿਤ ਤੇ ਸਿਖੀ ਅਸੂਲਾਂ ਤੇ ਵਿਚਾਰ ਕਰਨਾ ਪਾਪ ਵੀ ਨਹੀ। ਕਿਉਂਕਿ ਗੁਰਵਾਕ ਹੈ :-

## ਸਿਖੀ ਸਿਖਿਆ ਗੁਰ ਵੀਚਾਰ ॥

ਅਰਥਾਤ ਗੁਰੂ ਦੀ ਸਿਖਿਆ ( ਅਸੂਲਾਂ ਨੂ ) ਵਿਚਾਰਨਾ ਸਿਖੀ ਹੈ।

ਸੋ ਕੜੇ ਦੇ ਪੂਰੇ ਲਾਭ ਤਾਂ ਸਤਿਗੁਰ ਹੀ ਜਾਣਦੇ ਹਨ ਪਰ ਆਪਣੀ ਤੁਛ ਬੁਧੀ ਅਨੁਸਾਰ ਜੋ ਕੁਛ ਮਲੂਮ ਹੋਏ ਹਨ, ਉਹ ਆਪਨੂ ਸਾਇੰਸ ਤੇ ਫਿਲਸਫੀ ਦ੍ਵਾਰਾ ਦਸੇ ਗਏ ਹਨ ਦਾਸ ਨੂ ਇਹ ਦਾਅਵਾ ਨਹੀ ਕਿ ਜੋ ਲਾਭ

ਕੜੇ ਦੇ ਦਾਸ ਨੇ ਲਿਖੇ ਹਨ, ਬਸ ਖ਼ਤਮ ਹਨ, ਯਾ ਇਸਤੋਂ ਵਧੀਕ ਹੋਰ ਲਾਭ ਨਹੀ ਹਨ। ਕਦਾਚਿਤ ਨਹੀ। ਮੇਰੇ ਨਾਲੋਂ ਬਹੁਤ ਵਧ ਚੜ੍ਹਕੇ ਵਿਦ੍ਵਾਨ ਸਿਖ ਇਸ ਨਾਲੋਂ ਹੋਰ ਹੋਰ ਵੀ ਖੋਜ ਕਰਕੇ ਲਾਭ ਪੁਚਾ ਸਕਦੇ ਹਨ। ਆਰੰਭ ਵਿਚ ਜੋ ਕਈ ਇਕ ਖਿਆਲਾਂ ਦਾ ਖੰਡਣ ਹੈ, ਉਹ ਵੀ ਇਸ ਪੁਸਤਕ ਵਿਚ ਪ੍ਰਗਟ ਹੋਏ ਲਾਭਾਂ ਦੀ ਉਤਕ੍ਰਿਸ਼ਟਤਾ ਮਾਤ੍ਰ ਜਨਾਉਣ ਲਈ ਹੈ। ਪਰ ਹਾਂ ਜਿਤਨੇ ਗੁਣ ਇਸ ਰਿਸਾਲੇ ਵਿਚ ਦਾਸ ਨੇ ਹੁਣ ਤਕ ਮਲੂਮ ਕੀਤੇ ਹਨ, ਇਸਤੋਂ ਪਹਿਲਾਂ ਅਜੇਹੀ ਖੋਜ ਕਿਤੇ ਪੜ੍ਹਨ ਵਿਚ ਨਹੀ ਆਈ। ੨੫੦ ਸਾਲ ਤੋਂ ਪਿਛੋਂ ਕੜੇ ਸਬੰਧੀ ਇਹ ਪਹਿਲਾ ਲੇਖ ਹੈ। ਹਾਂ ਹੁਣ ਇਸਦੀ ਮਦਦ ਨਾਲ ਹੋਰ ਲੇਖ ਵੀ ਲਿਖੇ ਜਾਣ ਤਾਂ ਅਸੰਭਵ ਨਹੀ।

ਇਸ ਰਿਸਾਲੇ ਦੇ ਲਿਖੇ ਜਾਣ ਦਾ ਇਕ ਹੋਰ ਵੀ ਲਾਭ ਹੋਵੇਗਾ ਕਿ ਜੋ ਲੋਕ ਲਕੜ ਦੇ ਘੁਣ ਵਾਕਰ ਅੰਦਰੋ ਅੰਦਰ ਰਹਿਤ ਦੇ ਵਿਰੁਧ ਸਿਖਾਂ ਵਿਚ ਪ੍ਰਚਾਰ ਕਰ ਰਹੇ ਹਨ। ਉਨ੍ਹਾ ਦਾ ਵੀ ਪਤਾ ਲਗ ਜਾਵੇਗਾ ਕਿ ਉਹ ਕੌਣ ਕੌਣ ਸਾਹਿਬ ਹਨ ਕਿਉਂਕਿ ਉਹ ਲਾਜ਼ਮੀ ਤੌਰ ਤੇ ਇਸਦੇ ਬਰਖ਼ਿਲਾਫ਼ ਲਿਖਣ ਯਾ ਬੋਲਣਗੇ।

ਦੂਸ੍ਰੇ ਇਹ ਵੀ ਜ਼ਰੂਰੀ ਹੈ ਕਿ ਜੋ ਭਾਈ

ਕੜੇ ਨੂੰ ਕੇਵਲ ਨਿਸ਼ਾਨ ਯਾ ਬੇਲੋੜਾ ਸਮਝ ਕੇ ਨਹੀ ਪਹਨਦੇ ਸਨ, ਉਹ ਵੀ ਪਾਉਣ ਲਗ ਜਾਣਗੇ।

ਤੀਸਰਾ ਅਨਮਤੀ ਯਾ ਸਡੇ ਹਿਦੂ ਅਥਵਾ ਸਹਜ ਧਾਰੀ ਭਰਾ ਜਦ ਇਸ ਲੇਖ ਨੂੰ ਪੜ੍ਹਨਗੇ ਤਾਂ ਉਹ ਵੀ ਪੂਰਾ ਲਾਭ ਉਠਾਣਗੇ ।

( ਪ੍ਰਸ਼ਨ ) ਜਿਸਤਰਾਂ ਆਪਨੇ ਕੜੇ ਦੇ ਲਾਭ ਦਸੇ ਹਨ, ਕ੍ਰਿਪਾਨ ਤੇ ਕਛਹਰੇ ਦੇ ਲਾਭ ਵੀ ਜੇ ਆਪ ਦਸੋ ਤਾਂ ਬਹੁਤ ਭਲਾ ਹੋਵੇ ।

( ਉਤਰ ) ਜੀ ਹਾਂ ਜਰੂਰ ! ਦਾਸ ਦਾ ਕੰਮ ਹੀ ਹੋਰ ਕੀ ਹੈ ? ਖਾਲਸਾ ਧਰਮ ਦਾ ਕੋਈ ਅਸੂਲ ਵੀ ਕੋਈ ਪੁਛੇ ਤਾਂ ਦਾਸ ਹਰ ਵੇਲੇ ਦਸਣ ਲਈ ਤਿਆਰ ਹੈ । ਆਪ ਦਾਸ ਦੇ ਲਿਖੇ ਕਛਹਿਰਾ ਪ੍ਰਬੋਧ ਤੇ ਕ੍ਰਿਪਾਨ ਪ੍ਰਬੋਧ ਨੂੰ ਪੜ੍ਹਕੇ ਦੇਖੋ ਆਪਨੂੰ ਮਲੂਮ ਹੋ ਜਾਵੇਗਾ ਕਿ ਕਛਹਿਰਾ ਤੇ ਕ੍ਰਿਪਾਂਨ ਦੇ ਧਾਰਨ ਕਰਨ ਵਿਚ ਆਦਮੀ ਨੂੰ ਕਿਤਨੇ ਲਾਭ ਹਨ। ਤੇ ਇਹ ਵੀ ਪਤਾ ਲਗੇਗਾ ਕਿ ਕਛਹਿਰੇ ਵਿਚ ਕਿਤਨੀ ਤਬਦੀਲੀ ਅਜ ਕਲ ਦੇ ਨੌ ਜੁਆਨ, ਨਾ ਵਾਕਫ ਸਿਖਾਂ ਨੇ ਕਰ ਦਿਤੀ ਹੈ । ਅਤੇ ਏਵੇਂ ਹੀ ਕ੍ਰਿਪਾਂਨ ਨੂੰ ਜਿਸਨੂੰ ਸਦਾ ਪਾਸ ਰਖਣ ਦਾ ਹੁਕਮ ਸਤਿਗੁਰਾਂ ਦਿਤਾ ਸ ਉਹ ਕਿਸਤਰਾਂ ਗੁੰਮ ਹੋ ਚੁਕੀ ਹੈ। ਇਨ੍ਹਾ ਦੁਹਾਂ ਟ੍ਰੈਕਟਾਂ ਦੇ ਦੇਖਣ ਨਾਲ ਪਛਾਣ ਹੋ ਸਕੇਗੀ।

ੴਸਤਿਗੁਰਪ੍ਰਸਾਦਿ ॥

# ਖ਼ਾਲਸਾ ਧਰਮ

# ਦੇ ੧੫ ਨਿਯਮ

(੧) ਗੁਰ ਕਹਿਆ ਸਾ ਕਾਰ ਕਮਾਵਹੁ ॥
ਸਬਦ ਚੀਨ ਸਹਿਜ ਘਰਿ ਆਵਹੁ ॥

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ਅਰਥਾਤ ਇਕ ਅਕਾਲ ਪੁਰਖ ਨੂ ਹੀ ਸੰਸਾਰ ਦਾ ਕਰਤਾ, ਸਭਦਾ ਮਾਲਕ, ਅੰਤਰਯਾਮੀ, ਸਰਬ ਪ੍ਰਤਿ ਪਾਲਕ ਜਾਨਕੇ ਸਭ ਤਰਾਂ ਦੇ ਸੰਸਾਰਕ ਤੇ ਪਰਮਾਰਥਕ ਕੰਮ ਦੀ ਸਿਧੀ ਲਈ ਉਸੇ ਅਗੇ ਪਰਾਰਥਨਾਂ ਕਰਨੀ ।

(ਜਪੁਜੀ ਅਤੇ ਜਾਪੁਜੀ)

(੨) ਦਸੋਂ ਗੁਰੂ ਸਾਹਿਬਾਂ ਦੇ ਪਵਿਤਰ ਅਨੁਭਵੀ ਪਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂ ਮੁਕਤੀ ਦਾਤਾ ਗੁਰੂ ਜਾਣਕੇ ਉਨਾ ਦੇ ਹੁਕਮਾਂ ਅਨੁਸਾਰ ਵਰਤੋਂ ਕਰਨੀ ਤੇ ਕਰਾਣੀ । ਯਥਾ :–

ਨਟ ਮਹਲਾ ੪

ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ ॥

(੩) ਅੰਮਰਤ ਵੇਲੇ ਉਠਣਾ ਅਸ਼ਨਾਨ ਆਦਕ ਕਰਕੇ, ਪਵਿਤਰ ਹੋਕੇ ਨਾਮ ਜਪਣਾ ਤੇ ਸੁਭਾ ਸ਼ਾਮ ਨੂ ਤੇ ਸੌਣ ਲਗਿਆਂ ਅਤੇ ਸੁਆਸ ਸੁਆਸ ਗੁਰੂ ਬਾਣੀ ਦੁਆਰਾ ਹਰ ਵੇਲੇ ਸਿਮਰਣ ਕਰਨਾ।

ਨੋਟਃ- ਸਵੇਰੇ ਜਪੁਜੀ, ਜਾਪੁਜੀ, ੧੦ ਸਵੈਯੇ, ਤਰਕਾਲਾ ਨੂ ਸੋਦਰ ਰਹਿਰਸ. ਸੌਣ ਵੇਲੇ ਕੀਰਤਨ ਸੋਹਿਲਾ ਤਥਾ ਜੇ ਹੋਰ ਸਮਾ ਮਿਲੇ ਤਾਂ ਆਸਾ ਦੀ ਵਾਰ, ਸੁਖਮਨੀ ਸਾਹਿਬ, ਅਕਾਲ ਉਸਤਤਿ ਆਦਿ ਜਿਸ ਬਾਣੀ ਦਾ ਵੀ ਜੀ ਕਰੇ ਪਾਠ ਕਰਨਾ ਪ੍ਰੰਤੂ ਪਹਿਲਾਂ ਲਿਖੀਆਂ ਪੰਜ ਬਾਣੀਆਂ ਦਾ ਪਾਠ ਤਾਂ ਹਰ ਸਿਖ ਲਈ ਜਰੂਰੀ ਹੈ। ਅਤੇ ਇਨਾਂ ਪੰਜ ਬਾਣੀਆਂ ਦਵਾਰਾ ਅੰਮਰਤ ਵੀ ਤਿਆਰ ਕਰਨਾ ਚਾਹੀਏ।

ਮਾਰੂ ਮਹਲਾ ੫

ਗੁਰ ਜਪ ਜਾਪ ਜਪਤ ਸੁਖ ਫਲ ਪਾਇਆ
ਗਯਾਨ ਦੀਪਕ ਸੰਤ ਸੰਗਨਾ ॥

ਬਾਵਨ ਅਖਰੀ ਮਹਲਾ ੫

ਪ੍ਰਭਾਤੇ ਪ੍ਰਭ ਨਾਮ ਜਪ ਨਿਸ ਬਾਸੁਰ ਆਰਾਧ ॥

(੪) ਖਾਲਸਾ ਰਹਿਤਾਂ ਅਨਕੂਲ ਅੰਮਰਤ ਛਕਣਾ ਤੇ ਰਹਿਤ ਰਖਣੀ।

ਬਿਲਾਵਲ ਮਹਲਾ ੫

ਪੀ ਅਮ੍ਰਿਤ ਆਘਾਨਿਆ ਗੁਰ ਅਮਰ ਕਰਾਇਆ ॥

ਜਪੁਜੀ, ਸਾਹਿਬ

ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲ ॥

( ੭ ) ਖਾਲਸਾ ਭਾਈ ਚਾਰੇ ਨੂ ਆਪਣਾਂ ਭਾਈ ਚਾਰਾ ਜਾਣਕੇ ਉਨ੍ਹਾ ਨਾਲ ਵਰਤਨਾ ਤੇ ਪਿਛਲੀ ਜ਼ਾਤ ਪਾਤ ਨ ਮੰਨਣੀ ।

ਮਾਝ ਮਹਲਾ ੫ ॥

ਸਭੇ ਸਾਂਝੀਵਾਲ ਸਦਾਇਨ ਕੋਇ ਨ ਦਿਸੈ ਬਾਹਰਾ ਜੀਉ ॥

( ੮ ) ਖਾਲਸਾ ਧਰਮ ਗੁਰਬਾਣੀ ਅਤੇ ਗੁਰਮੁਖੀ ਵਿਦਿਆ ਸਾਰੇ ਸੰਸਾਰ ਲਈ ਜਾਣਕੇ ਪ੍ਰਚਾਰ ਕਰਨਾ ਤੇ ਕਰਾਣਾ ।

ਸੁਖਮਨੀ ਸਾਹਿਬ ॥

ਆਪ ਕਮਾਵਹੁ ਅਵਰਾ ਉਪਦੇਸ ।

( ੯ ) ਆਪਣੇ ਸਾਰੇ ਸੰਸਕਾਰ ਜੋ ਵੀ ਹੋਣ ( ੧ ) ਜਨਮ ( ੨ ) ਅੰਮ੍ਰਿਤ ( ੩ ) ਵਿਵਾਹ ( ੪ ) ਮ੍ਰਿਤੂ ( ੫ ) ਤਨਖਾਹ, ਬਖਸ਼ਾਣੀ, ਗੁਰਰੀਤਾਂ ਅਨੁਸਾਰ ਕਰਨੇ ਤੇ ਕਰਾਉਣੇ ।

ਸ੍ਰੀ ਰਾਗ ਮਹਲਾ ੧ ॥

ਗੁਰਮਤ ਹੋਇ ਤਾਂ ਪਾਈਐ ਸਚੁ ਮਿਲੈ ਸੁਖ ਹੋਇ ॥

( ੧੦ ) ਆਪਣੀ ਆਮਦਨੀ ਵਿਚੋਂ ਦਸੂੰਧ ਪੰਥ ਦੀ ਉਨਤੀ ਲਈ ਦਾਨ ਦੇਣਾ ।

ਸੁਖਮਨੀ ਸਾਹਿਬ

ਦਸ ਵਸਤੂ ਲੇ ਪਾਛੈ ਪਾਵੈ ਏਕ ਬਸਤ ਕਾਰਨ

ਬਿਖੋਟ ਗਵਾਵੈ। ਏਕ ਭੀ ਨ ਦੇ ਦਸ ਭੀ ਹਿਰ ਲੇ ਤਉ ਮੂੜ੍ਹਾ ਕਹੁ ਕਹਾਂ ਕਰੇਇ ॥

ਵਧੀਕ ਦੇਣਾ ਹੋਵੇ ਤਾਂ ਆਪਣੀ ਸ਼ਰਧਾ,

( ੧੧ ) ਗੁਰ ਪੁਰਬ ਮਨਾਣੇ ਤੇ ਸਤਸੰਗ ਵਿਚ ਜਾਣਾ ।

ਭਾਇ ਭਗਤ ਗੁਰਪੁਰਬ ਕਰੰਦੇ ॥

( ੧੨ ) ਜੇ ਕੋਈ ਧਾਰਮਕ ਭੁਲ ਹੋ ਜਾਵੇ ਤਾਂ ਗੁਰੂ ਸੰਗਤ ਖਾਲਸਾ ਜੀ ਪਾਸ ਬਿਨੈ ਕਰਕੇ ਖਿਮਾਂ ਮੰਗਣੀ ।

ਸਲੋਕ ਵਾਰਾਂ ਤੇ ਵਧੀਕ ਮਹਲਾ ੩ ।

ਅਸੀਂ ਖਤੇ ਬਹੁਤ ਕਮਾਵਦੇ ਕਿਛੁ ਅੰਤ ਨ ਪਾਰਾਵਾਰ ॥ ਹਰ ਕਿਰਪਾ ਕਰਕੇ ਬਖਸ ਲੈ ਹਮ ਪਾਪੀ ਵਡ ਗੁਨਹਗਾਰ ॥

( ੧੩ ) ਸਚ ਬੋਲਣਾ ਅਤੇ ਸਾਰੇ ਦੀਨੀ ਤੇ ਦੁਨਿਆਵੀ ਕਾਰ ਵਿਹਾਰ ਸਚਿਆਈ ਨਾਲ ਕਰਨੇ

ਸਚ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥

( ੧੪ ) ਸ਼ਸਤ੍ਰ ਵਿਦਯਾ ਸਿਖਣੀ ਸਿਖਾਣੀ ਤੇ ਸ੍ਰੀਰ ਬਲਵਾਨ ਬਨਾਣਾ ॥

ਨਾਨਕ ਸੋ ਪ੍ਰਭੁ ਸਿਮਰੀਐ ਤਿਸ ਦੇਹੀ ਕਉ ਪਾਲ ॥

( ੧੫ ) ਪ੍ਰਜਾ ਪਾਲਕ ਨਯਾਯ ਕਾਰੀ ਰਾਜਾ ਦੀ ਸੇਵਾ ਲਈ ਤਿਆਰ ਬਰ ਤਿਆਰ ਰਹਿਣਾ ।

ਤਖਤ ਰਾਜਾ ਸੋ ਬਹੇ ਜਿ ਤਖਤੇ ਲਾਇਕ ਹੋਈ ॥

(੫) ਚਾਰ ਕੁਰਹਿਤਾਂ ਨਹੀ ਕਰਨੀਆਂ, ਅਰਥਾਤ ਕੇਸਾਂ ਦੀ ਬੇਅਦਬੀ, ਕੁਠਾ ਮਾਸ, ਤੁਰਕਨੀ ਗਮਨ, ਬਿਖ੍ਰਿਆ (ਤਮਾਕੂ)। ਉਪਰ ਕਹੀ ਚਾਰ ਕੁਰਹਿਤਾ ਵਿਚੋਂ ਇਕ ਵੀ ਕੀਤੀ ਹੋਵੇ ਉਸ ਨਾਲ ਖਾਂਨ ਪਾਂਨ ਕਰਨਾ (ਅਭੇਦ ਹੋਣਾ) ਵਾਜਬ ਨਹੀ ਹੈ।

ਚਾਰੋਂ ਕਿਲ ਵਿਖ ਉਹ ਅਘ ਕੀਏ ਹੋਆ
ਅਸੁਰ ਸੰਘਾਰ॥

ਸਾਬਤ ਸੂਰਤ ਰਹਿਣਾਂ, ਤੇ ਸ੍ਰੀਰ ਅੰਗ ਭੰਗ ਨ ਕਰਨਾਂ

ਮਾਰੂ ਅਸ਼ਟ ਪਦੀ ਮਹਲਾ ੫
ਸਾਬਤ ਸੂਰਤ ਦਸਤਾਰ ਸਿਰਾ

## ਖ਼ਾਲਸਾ ਜੀ ਦੀਆਂ ੫ ਪਵਿਤ੍ਰਤਾਈਆਂ

ਪਤਿਤ ਪਵਿਤ੍ਰ ਲੀਏ ਕਰ ਅਪਨੇ
ਸਗਲ ਕਰਤ ਨਮਸ ਕਾਰੋ॥

(੧) ਪਹਿਲੀ ਪਵਿਤ੍ਰਤਾ ਮਨ ਕੀ ਅਰਥਾਤ ਮਨ ਨੂ ਵਸ ਕਰਕੇ ਇੰਦਰੀਆਂ ਨੂ ਕਾਬੂ ਰਖਣਾ ਤੇ ਕਦੇ ਵੀ ਮਨ ਨੂ ਬੁਰਾਈ ਵਲ ਨ ਜਾਣ ਦੇਣਾ, ਮਨ, ਬਚਨ, ਕਰਮ ਕਰਕੇ ਕਦੇ ਵੀ ਮੰਦਾ ਕੰਮ ਨ ਕਰਨਾ।

ਮਨ ਬਚ ਕਰਮ ਹਰ ਗੁਣ ਨਹੀਂ ਗਾਏ

ਯਹਿ ਜੀਅ ਸੋਚ ਧਰਉ ॥

( ੨ ) ਸ੍ਰੀਰ ਨੂ ਅਸ਼ਨਾਨ ਆਦਿਕ ਨਾਲ ਪਵਿਤ੍ਰ ਕਰਨਾ ॥

( ੩ ) ਬਸਤ੍ਰ ਦੀ ਪਵਿਤ੍ਰਤਾ ਅਰਥਾਤ ਬਸਤ੍ਰ ਸਾਫ਼ ਰਖਣੇ ਚਾਹੀਦੇ ਹਨ। ਮੈਲੇ ਬਦਬੂ ਵਾਲੇ ਗੰਦੇ ਬਸਤ੍ਰ ਨਹੀ ਹੋਣੇ ਚਾਹੀਦੇ ॥

( ੪ ) ਮਕਾਨ ਦੀ ਪਵਿਤ੍ਰਤਾ ਅਰਥਾਤ ਸਾਫ਼ ਸੁਥਰਾ ਲਿਪਿਆ ਪੋਚਿਆ ਮਕਾਨ ਹੋਵੇ। ਮੈਲਾ ਤੇ ਕੂੜਾ ਕਰਕਟ ਜਮਾ ਕਰਕੇ ਮਛਰ ਤੇ ਮਾਕਣੂਆਂ ਦਾ ਜ਼ਖੀਰਾ ਕਰਕੇ ਹੀ ਨ ਰਖਿਆ ਹੋਵੇ।

( ੫ ) ਵਿਹਾਰ ਦੀ ਪਵਿਤ੍ਰਤਾ ਅਰਥਾਤ ਵਿਹਾਰ ਸੁਧ ਹੋਣਾ ਚਾਹੀਦਾ ਹੈ। ਜਿਸਦਾ ਵਿਹਾਰ ਲੈਣ ਦੇਣ ਦੁਕਾਨ ਯਾ ਨੌਕਰੀ, ਤਜਾਰਤ ਆਦਕ ਜੋ ਕੁਛ ਵੀ ਹੋਵੇ ਸੁਧ ਤੇ ਸਚਾਈ ਨਾਲ ਭਰੀ ਹੋਣੀ ਚਾਹੀਦੀ ਹੈ ॥

**ਵਾਹਿਗੁਰੂ ਜੀ ਕਾ ਖਾਲਸਾ**
**ਵਾਹਿਗੁਰੂ ਜੀ ਕੀ ਫਤਹ ॥**

B-0993

25

# ਲੇਖਕ ਕ੍ਰਿਤ ਹੋਰ ਗ੍ਰੰਥ

(ਬਿਨਾ ਆਗਿਆ ਕਰਤਾ ਕੋਈ ਨ ਛਾਪੇ

(੧) ਇੰਡੈਕਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
(੨) ਧਰਮ ਕਸੌਟੀ ਉਰਦੂ
(੩) ਈਸ੍ਰੀ ਪ੍ਰਬੋਧ (ਈਸਾਈ ਮਤ ਖੰਡਨ)
(੪) ਸੱਚਾ ਧਰਮ ਅਜ਼ ਰੂਏ ਸਾਇੰਸ ਤੇ ਫ਼ਿਲਾਸਫ਼ੀ
(੫) ਕ੍ਰਿਪਾਨ ਪ੍ਰਬੋਧ


ਦਾਸ ਗੰਗਾ ਸਿੰਘ ਗਯਾਨੀ
ਕੋਟਮਹਲ ਕੈਥੂ
ਸਿਮਲਾ